ੴ ਸਤਿਗੁਰ ਪ੍ਰਸਾਦਿ ॥

# ਜੀਵਨ
## ਭਾਈ ਸਾਹਿਬ
# ਭਾਈ ਰਣਧੀਰ ਸਿੰਘ ਜੀ


ਲੇਖਕ -

ਗਿਆਨੀ ਨਿਹਾਲ ਸਿੰਘ 'ਰਸ'



ਪ੍ਰਕਾਸ਼ਕ -

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

ਸੋਧੀ ਹੋਈ ਨਵੀਂ ਐਡੀਸ਼ਨ 1996

ਭੇਟਾ : 30-00

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਫੋਨ : (0183) 542346, 547974

ਫੈਕਸ : (0183) 542346

*ਪ੍ਰਿੰਟਰ : ਹਰਭਜਨ ਸਿੰਘ,*

*ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : 543478*

# ਭੇਟਾ !

ਉਹਨਾਂ ਸਤਿਸੰਗੀਆਂ ਨੂੰ !
ਜੋ ਨਾਮ ਬਾਣੀ ਦਾ ਅਭਿਆਸ ਕਰਦੇ ਹਨ
ਤੇ
ਆਪਣਾ ਜੀਵਨ ਸਵਾਰਦੇ ਹਨ।

ਗਿਆਨੀ ਨਿਹਾਲ ਸਿੰਘ 'ਰਸ' ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਬੜੀ ਖੋਜ ਕਰ ਕੇ ਲਿਖਿਆ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਬਹੁਤ ਪੁਸਤਕਾਂ ਲਿਖੀਆਂ ਹਨ। ਜੋ ਗੁਰਬਾਣੀ ਦੇ ਆਧਾਰ ਤੇ ਹਨ। ਉਹਨਾਂ ਦੀ ਆਤਮਾਂ ਨਾਮ - ਨਾਮ ਵਿਚ ਰੰਗੀ ਹੋਈ ਸੀ। ਭਾਈ ਸਾਹਿਬ ਜੀ ਦੇ ਸ਼ਰਧਾਲੂ ਸਤਿਸੰਗੀ ਸਾਰੇ ਸੰਸਾਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਉਹਨਾਂ ਦੇ ਪਾਏ ਹੋਏ ਪੂਰਨਿਆਂ ਤੇ ਚਲ ਰਹੇ ਹਨ। ਭਾਈ ਸਾਹਿਬ ਨੇ ਗੁਰਸਿਖੀ ਤੇ ਖਾਲਸੇ ਬਾਰੇ ਬਹੁਤ ਕੁਝ ਲਿਖਿਆ ਹੈ।

ਸਰੋਤੇ ਉਨ੍ਹਾਂ ਦਾ ਜੀਵਨ ਪੜ੍ਹ ਕੇ ਅਨੰਦ ਮਾਨਣਗੇ।

'ਤੇਗ'

## ਭਾਈ ਸਾਹਿਬ

# ਭਾਈ ਰਣਧੀਰ ਸਿੰਘ ਜੀ

## ੧.

ਜਬ ਲਗ ਰਹੈ ਖਾਲਸਾ ਨਿਆਰਾ ॥
ਤਬ ਲਗ ਤੇਜ ਦੀਅਉ ਮੈ ਸਾਰਾ ॥
ਜਬ ਬਿਪਰਨ ਕੀ ਸਹੈ ਸੁ ਰੀਤਿ ॥
ਮੈ ਨ ਕਰਉ ਇਨ ਕੀ ਪਰਤੀਤਿ ॥
[ਪਾਤਸ਼ਾਹੀ ੧੦

ਪੰਥ ਦੇ ਵਾਲੀ ਸਾਹਿਬ ਸ੍ਰੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ 'ਖਾਲਸਾ' ਸਾਜਿਆ। ਅਕਾਲ - ਸੁਤ ਜੀ ਨੇ ਖਾਲਸਾ ਸ਼ਾਜ ਕੇ ਆਪਣੀ ਆਤਮਕ ਜੋਤਿ ਖਾਲਸੇ ਦੇ ਹਿਰਦੇ ਵਿਚ ਜਗਾਈ ਅਤੇ ਖਾਲਸੇ ਨੂੰ ਸਾਰੇ ਸੰਸਾਰ ਦੇ ਜੀਵਾਂ ਨਾਲੋਂ 'ਨਿਆਰਾ' ਰਹਿਣ ਦਾ ਹੁਕਮ ਦਿਤਾ। 'ਨਿਆਰਾ' ਸ਼ਬਦ

ਦਾ ਇਹ ਅਰਥ ਨਹੀਂ ਕਿ ਉਹ ਸੰਸਾਰ ਦਾ ਤਿਆਗ ਕਰਕੇ ਸੰਸਾਰ ਦੇ ਬਾਕੀ ਇਨਸਾਨਾਂ ਤੋਂ ਵੱਖਰਾ ਤੇ ਪਰੇ ਪਰੇ ਰਹੇ ਤੇ ਉਹਨਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਵਾਸਤਾ ਨਾ ਰਖੇ। ਸਗੋਂ 'ਖਾਲਸਾ' ਪਦ ਉਸ ਮਹਾਨ ਹਸਤੀ ਦਾ ਲਖਾਇਕ ਹੈ, ਜਿਸ ਦਾ ਜ਼ਾਹਰਾ ਪਰਤੱਖ ਸਰੂਪ, ਜਿਸ ਦਾ ਆਚਰਣ, ਜਿਸ ਦਾ ਇਖਲਾਕ, ਜਿਸ ਦੀ ਪੁਸ਼ਾਕ, ਜਿਸ ਦਾ ਕਰਤੱਵ, ਜਿਸ ਦਾ ਬੋਲ - ਚਾਲ ਮੂਲ ਕੀ ਜਿਸ ਦਾ ਸਮੁੱਚਾ ਜੀਵਨ ਸੰਸਾਰ ਦੇ ਬਾਕੀ ਜੀਵਾਂ ਨਾਲੋਂ, ਬਿਲਕੁਲ ਨਿਆਰਾ ਹੋਵੇ, ਅਤੇ ਜਿਸ ਦੇ ਘਟ ਅੰਦਰ 'ਪੂਰਨ-ਜੋਤਿ' ਜਗਦੀ ਰਹੇ। ਕੇਵਲ ਪੰਜ ਕਕਾਰ ਰਖ ਲੈਣ ਨਾਲ, ਜਾਂ ਰਸਮੀ ਤੌਰ ਤੇ ਪਾਹੁਲ ਛਕ ਲੈਣ ਨਾਲ ਤੇ ਬਾਹਰਲਾ ਬਹੁ ਰੂਪ ਖਾਲਸੇ ਵਾਲਾ ਬਣਾ ਲੈਣ ਨਾਲ ਕੋਈ ਖਾਲਸਾ ਨਹੀਂ ਬਣ ਸਕਦਾ। ਖਾਲਸਾ ਸਾਜਣਹਾਰ ਅਕਾਲ-ਸੁਤ ਦਾ ਫੁਰਮਾਨ ਹੈ–

ਪੂਰਨ ਜੋਤਿ ਜਗੈ ਘਟਿ ਮਹਿ
ਤਬ ਖਾਲਸਾ ਤਾਹਿ ਨਖਾਲਸ ਜਾਨੈ ॥

'ਖਾਲਸਾ' ਬਣਨ ਤੇ ਅਖਵਾਉਣ ਲਈ ਸਿਰਜਣਹਾਰ ਦਾਤਾਰ ਨੇ ਇਹ ਸ਼ਰਤ ਰਖੀ। ਆਪ ਆਪਣੇ ਕਰ - ਕੰਵਲਾਂ ਨਾਲ ਖੰਡੇ ਦੀ ਪਾਹੁਲ ਛਕਾ ਕੇ, ਉਹ ਵਿਚ ਜੋਤਿ ਜਗਾ ਕੇ ਉਸਨੂੰ ਸਿੰਘ(ਬਬਰ ਸ਼ੇਰ)ਦਾ ਬਲ, ਹੌਂਸਲਾ, ਸਿਦਕ ਤੇ ਨਿਰ-ਭੈਤਾ ਬਖਸ਼ ਕੇ, ਉਸਨੂੰ ਕ੍ਰਿਪਾਨ ਦਾ ਧਾਰਨੀ ਸ਼ਸਤ੍ਰਧਾਰੀ ਜੋਧਾ ਬਣਾ ਕੇ ਦੇਸ, ਕੌਮ ਤੇ ਮਨੁਖ ਮਾਤਰ ਦਾ ਰਖਿਅਕ ਸਿਪਾਹੀ

ਬਣਾਇਆ ਅਤੇ ਨਾਲ ਹੀ 'ਸਤਿਨਾਮੁ-ਸਤਿਨਾਮੁ' ਦਾ ਸਿਮਰਣ ਤੇ ਗੁਰਬਾਣੀ ਦਾ ਜਾਪੁ ਬਖਸ਼ ਕੇ ਮੋਹ ਮਾਇਆ ਤੋਂ ਅਟੰਕ, ਵਿਸ਼ਿਆਂ ਵਿਕਾਰਾਂ ਤੋਂ ਰਹਿਤ ਤੇ ਪਵਿਤਰ ਜੀਵਨ ਵਾਲਾ ਸੰਤ ਵੀ ਬਣਾਇਆ ਅਤੇ ਇਸ ਤਰ੍ਹਾਂ ਦਾ ਖਾਲਸਾ ਸਾਜ ਕੇ ਉਸ ਨੂੰ ਸੰਤ - ਸਿਪਾਹੀ, ਨਿਰਭੈ ਜੋਧਾ ਤੇ ਨਿਰਮਾਣ ਸੇਵਕ ਬਣਾਇਆ ਅਤੇ ਸੰਸਾਰ ਦੇ ਜੀਵਾਂ ਨਾਲੋਂ ਨਿਆਰਾ ਜੀਵਨ ਤੇ ਕਰਤੱਵ ਬਖਸ਼ ਕੇ ਸਦੀਵੀ 'ਨਿਆਰਾ' ਬਣੇ ਰਹਿਣ ਦਾ ਹੁਕਮ ਕੀਤਾ, ਤਾਂ ਜੋ ਖਾਲਸਾ ਦੂਰੋਂ ਹੀ ਨਿਆਰਾ ਪਛਾਣਿਆ ਜਾ ਸਕੇ। ਇਹੋ ਜਿਹਾ ਖਾਲਸਾ ਸਾਜ ਕੇ ਉਹਨਾਂ ਵਰਗੇ ਪੰਜ ਸਿੰਘ ਚੁਣ ਕੇ ਉਹਨਾਂ ਨੂੰ ਖੰਡੇਧਾਰ ਪਾਹੁਲ ਛਕਾਉਣ ਦਾ ਹੁਕਮ ਕੀਤਾ ਤਾਂ ਜੋ ਉਹਨਾਂ ਦੀ ਆਤਮਕ ਜੋਤ ਨਾਲ ਹੀ ਅੰਮ੍ਰਿਤ ਛੱਕਣ ਵਾਲਿਆਂ ਦੇ ਹਿਰਦੇ ਅੰਦਰ ਉਹੋ ਅਕਾਲ-ਸੁਤ ਦੀ ਜਗਾਈ ਜੋਤਿ ਜਗਣ ਲਗ ਪਵੇ ਤੇ ਉਹ ਵੀ ਨਿਆਰੇ ਜੀਵਨ ਵਾਲੇ 'ਖਾਲਸਾ' ਬਣ ਸਕਣ।

ਅੰਮ੍ਰਿਤ ਛਕਣ ਨੂੰ ਹਜ਼ਾਰਾਂ ਸਿੱਖ ਅੰਮ੍ਰਿਤ - ਪਾਨ ਕਰਦੇ ਹਨ। ਜਿਸ ਤਰ੍ਹਾਂ ਦਾ ਆਤਮਕ ਸਰੂਪ ਅੰਮ੍ਰਿਤ ਛਕਾ-ਉਣ ਵਾਲੇ ਪੰਜਾਂ ਪਿਆਰਿਆਂ ਦਾ ਹੁੰਦਾ ਹੈ, ਉਹਨਾਂ ਕੋਲੋਂ ਅੰਮ੍ਰਿਤ - ਪਾਨ ਕਰਨ ਵਾਲਿਆਂ ਦਾ ਜੀਵਨ ਤੇ ਆਤਮਕ ਸਰੂਪ ਵੀ ਉਹੋ ਜਿਹਾ ਹੀ ਹੋ ਜਾਂਦਾ ਹੈ।

ਅਜ ਦੇ ਸੰਸਾਰ ਅੰਦਰ 'ਖਾਲਸਾ' ਬਣਨਾ ਬੜਾ ਕਠਨ ਹੈ। ਜਿਸ ਉਪਰ ਸਿਰਜਣਹਾਰ ਦਾਤਾਰ ਦੀ ਮਿਹਰ ਹੋਵੇ ਤੇ

ਉਸ ਦਾ ਜੀਵਨ ਉਪਰ ਲਿਖੇ ਅਨੁਸਾਰ ਸੰਸਾਰ ਦੇ ਬਾਕੀ ਮਨੁਖਾਂ ਨਾਲੋਂ ਨਿਆਰਾ ਹੋ ਜਾਵੇ, ਬਸ ਕੇਵਲ ਉਹੋ ਹੀ 'ਖਾਲਸਾ' ਹੋ ਸਕਦਾ ਹੈ, ਜਿਸ ਨੂੰ ਸਾਜਣਹਾਰ ਨੇ ਆਪਣਾ ਰੂਪ ਹੀ ਕਿਹਾ ਅਤੇ ਆਪ ਖਾਲਸੇ ਵਿਚ ਨਿਵਾਸ ਕੀਤਾ-

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਾਹਿ ਹਉ ਕਰਉ ਨਿਵਾਸ ॥

'ਖਾਲਸਾ' ਫਾਰਸੀ ਦੇ 'ਖਾਲਸੇ' ਧਾਤੂ ਤੋਂ ਨਿਕਲਿਆ ਸ਼ਬਦ ਹੈ, ਜਿਸ ਦਾ ਅਰਥ ਹੈ 'ਨਿਰੋਲ' ਜਿਸ ਵਿਚ ਕਿਸੇ ਪ੍ਰਕਾਰ ਦੀ ਦੂਸਰੀ ਮਿਲਾਵਟ ਨਾ ਹੋਵੇ ਤੇ ਉਹ ਨਿਰੋਲ ਅਕਾਲ ਦਾ ਹੀ ਰੂਪ ਹੋਵੇ।

ਮਹਾਤਮਾ ਬੁੱਧ, ਹਜ਼ਰਤ ਯਸੂ ਮਸੀਹ, ਹਜ਼ਰਤ ਮੁਹੰਮਦ ਸਾਹਿਬ, ਸ੍ਰੀ ਕ੍ਰਿਸ਼ਨ ਚੰਦ੍ਰ ਜੀ, ਰਾਮ ਚੰਦ੍ਰ ਜੀ, ਸ੍ਰੀ ਮਹਾਂਵੀਰ ਜੀ ਜਾਂ ਹੋਰ ਮਹਾਂਪੁਰਖ ਜੋ ਅਧਿਆਤਮਕ ਰੂਪ ਵਿਚ ਸਿਰਜਣ-ਹਾਰ ਨਾਲ ਅਭੇਦ ਸਨ, ਜਿਨ੍ਹਾਂ ਨੇ ਸੰਸਾਰ ਨੂੰ ਉਸ ਰੂਹਾਨੀ ਜੋਤਿ ਨਾਲ ਚਾਨਣ ਦਿਖਾਇਆ ਤੇ ਆਪਣੇ ਆਪਣੇ ਸਮੇਂ ਦੁਨੀਆਂਦਾਰਾਂ ਨੂੰ ਸਰੇਸ਼ਟ ਜੀਵਨ ਦੇ ਉਚ ਆਚਰਣ ਵਾਲੇ ਬਨਾਉਣ ਦਾ ਯਤਨ ਕੀਤਾ ਤੇ ਜਿਨ੍ਹਾਂ ਨੂੰ ਅਜ ਉਹਨਾਂ ਦੇ ਮੰਨਣ ਵਾਲੇ ਅਵਤਾਰ ਜਾਂ ਪੈਗੰਬਰ ਕਹਿੰਦੇ ਹਨ, ਸਾਰੇ ਹੀ ਉਸੇ ਜੋਤਿ ਦਾ ਪਰਕਾਸ਼ ਕਰਦੇ ਰਹੇ ਜਿਸ ਜੋਤਿ ਦਾ ਪਰਕਾਸ਼ ਨਾਨਕ - ਨਿਰੰਕਾਰੀ ਨੇ ਕੀਤਾ। ਇਸ ਹਦ ਤਕ

ਇਹਨਾਂ ਅਵਤਾਰਾਂ, ਪੈਗੰਬਰਾਂ ਤੇ ਮਹਾਂ ਪੁਰਖਾਂ ਨੂੰ ਇਕੋ ਸਰੂਪ ਮੰਨਣਾ ਪੈਂਦਾ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਪ੍ਰੋਕਤ ਮਹਾਂ ਪੁਰਖਾਂ ਵਾਂਗ ਹੀ ਜਿਥੇ ਬੇਗਿਣਤ ਜੀਵਾਂ ਅੰਦਰ ਉਹੋ ਜੋਤ ਜਗਾਈ, ਉਥੇ ਆਪ ਨੇ ਖਾਲਸਾ ਸਾਜ ਕੇ ਸੰਸਾਰ ਦੇ ਮਨੁਖਾਂ ਅੰਦਰ ਇਕ ਨਵਾਂ ਇਨਕਲਾਬ ਲੈ ਆਂਦਾ। ਇਹ ਉਹ ਇਨਕਲਾਬ ਤੇ ਪਰਿਵਰਤਣ ਸੀ ਜੋ ਅਜ ਤਕ ਕਿਸੇ ਨੇ ਨਹੀਂ ਸੀ ਲਿਆਂਦਾ ਅਤੇ ਇਹ ਇਕ ਅਜਿਹਾ ਚਮਤਕਾਰ ਸੀ ਜੋ ਅਜੇ ਤਕ ਕਿਸੇ ਨੇ ਨਹੀਂ ਦਿਖਾਇਆ। ਉਹ ਸੀ–

ਅਕਾਲ ਪੁਰਖ ਦਾ ਰੂਪ ਖੜਗਧਾਰੀ ਸੰਤ ਸਿਪਾਹੀ

## ਖਾਲਸਾ

'ਖਾਲਸਾ-ਪੰਥ' ਅੰਦਰ ਇਹੋ ਜਿਹੇ ਨਿਆਰੇ ਜੀਵਨ ਵਾਲੇ, ਨਿਆਰੀ ਰਹਿਣੀ ਬਹਿਣੀ ਵਾਲੇ, ਨਿਆਰੇ ਆਚਰਣ ਤੇ ਨਿਆਰੇ ਇਖਲਾਕ ਵਾਲੇ, ਜਿਨ੍ਹਾਂ ਦੇ ਘਟ ਘਟ ਅੰਦਰ ਪੂਰਣ ਜੋਤਿ ਜਗ ਮਗ ਕਰਦੀ ਰਹੀ ਅਨੇਕਾਂ ਮਹਾਂ ਪੁਰਖ ਹੋਏ ਹਨ, ਜਿਨ੍ਹਾਂ ਨੇ ਸਵਾਸ ਸਵਾਸ ਨਾਮ ਬਾਣੀ ਦਾ ਸਿਮਰਨ ਕਰਦਿਆਂ ਦੇਸ਼, ਕੌਮ, ਪੰਥ ਤੇ ਪ੍ਰਾਣੀ ਮਾਤਰ ਲਈ ਬਿਨਾਂ ਕਿਸੇ ਜ਼ਾਤ ਪਾਤ, ਰੰਗ, ਨਸਲ ਦੇ ਲਿਹਾਜ਼ ਦੇ ਸੇਵਾ ਕਰਦਿਆਂ ਜੀਵਨ ਬਤੀਤ ਕੀਤਾ ਅਤੇ ਆਪਣੀ ਜੋਤਿ ਨਾਲ ਕਈਆਂ ਹਿਰ-ਦਿਆਂ ਅੰਦਰ ਜੋਤਿ ਜਗਾਕੇ ਅਨੇਕਾਂ ਨੂੰ 'ਖਾਲਸਾ' ਸਜਾਇਆ।

ਇਹੋ ਜਿਹੇ ਬ੍ਰਹਮ ਗਿਆਨੀਆਂ, ਸੰਤਾਂ, ਖੜਗਧਾਰੀ ਸੰਤ ਸਿਪਾਹੀਆਂ ਵਿਚੋਂ ਇਕ "ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ" ਪੂਰਨ 'ਖਾਲਸਾ' ਸਨ, ਜਿਨ੍ਹਾਂ ਨੇ ਇਸ ਕਲਜੁਗ ਅੰਦਰ ਅਨੇਕਾਂ ਬਲਕਿ ਲਖਾਂ ਗੁਰਸਿਖਾਂ ਨੂੰ 'ਨਿਆਰਾ ਖਾਲਸਾ' ਬਣਨ ਲਈ ਪ੍ਰੇਰਣਾ ਨਹੀਂ ਕੀਤੀ ਸਗੋਂ ਉਹਨਾਂ ਨੂੰ ਅਸਲ ਰੂਪ ਵਿਚ 'ਖਾਲਸਾ' ਬਣਾ ਦਿਤਾ। ਪੰਥ ਦੇ ਨਿਰ੍ਮਾਣ ਸੇਵਕਾਂ ਵਿਚੋਂ ਤੇ ਨਾਮ ਬਾਣੀ ਦੇ ਰਸੀਆਂ ਵਿਚੋਂ ਜਿਨ੍ਹਾਂ ਨੇ ਨਿਰੰਕਾਰੀ ਜੋਤਿ ਦੀ ਸਚਮੁਚ ਛੁਹ ਪ੍ਰਾਪਤ ਕਰ ਕੇ ਆਤਮ - ਰਸ ਮਾਣਿਆ ਜਿਨ੍ਹਾਂ ਨੇ 'ਚਰਨ-ਕੰਵਲ-ਕੀ-ਮੌਜ' ਮਾਣੀ, ਪਰੇਮ ਮੁਗਧ ਹੋ ਕੇ ਜੋਤਿ ਸਰੂਪ ਹੋ ਗਏ। ਸ੍ਰੀਮਾਨ ਭਾ:ਸਾ:ਭ:ਰਣਧੀਰ ਸਿੰਘ ਜੀ ਇਕ ਉਹ ਪੂਰਨ ਖਾਲਸਾ ਸਨ ਜਿਨ੍ਹਾਂ ਦੀ ਲਾਈ ਲਗਨ ਵਿਚ ਅਜ ਤਕ ਲੱਖਾਂ ਇਸਤ੍ਰੀ ਪੁਰਸ਼ ਪਰੇਮ ਮਗਨ ਨਜ਼ਰ ਆ ਰਹੇ ਹਨ, ਜੋ ਗੁਰਬਾਣੀ ਦੇ ਰਸੀਏ, ਸਤਿਨਾਮ ਦੇ ਉਪਾਸ਼ਕ, ਗੁਰਬਾਣੀ ਦੇ ਅਧਾਰ ਵਾਲੇ, ਸਵੱਛ ਤੇ ਪਵਿਤਰ ਜੀਵਨ ਵਾਲੇ, ਸਿਖੀ ਸ਼ਾਨ. ਅਣਖ ਤੇ ਗੈਰਤ ਲਈ ਆਪਾ ਵਾਰਨ ਵਾਲੇ ਸਚੇ ਪੰਥ ਸੇਵਕ ਤੇ ਦੇਸ਼ ਭਗਤ, ਸਾਬਤ ਸੂਰਤ ਕੁਰਬਾਨੀ ਦਾ ਪੁੰਜ, ਸਿਦਕਵਾਨ, ਸ਼ਰਧਾਵਾਨ ਤੇ ਸਤਿਗੁਰਾਂ ਦੇ ਪਵਿਤਰ ਨਾਮ ਤੋਂ ਆਪਾ ਨਿਛਾਵਰ ਕਰ ਦੇਣ ਵਾਲੇ ਸੋਹਣੇ ਸਜੀਲੇ ਬਾਂਕੇ ਸੂਰਬੀਰ ਤੇ ਸ਼ਾਂਤ ਸਰੂਪ ਨਿਆਰੇ ਜੀਵਨ ਵਾਲੇ ਹਨ ਤੇ ਜਿਨ੍ਹਾਂ ਲਈ 'ਖਾਲਸਾ' ਸ਼ਬਦ ਐਨ ਢੁੱਕਵਾਂ ਪ੍ਰਤੀਤ ਹੁੰਦਾ ਹੈ।

# ੨.

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਅਧੁਨਿਕ ਕਾਲ ਦੇ ਬਹੁਤ ਸਾਰੇ ਗੁਰਸਿਖਾਂ, ਨਾਮ ਦੇ ਰਸੀਆਂ ਤੇ ਗੁਰਬਾਣੀ ਦੇ ਪਰੇਮੀਆਂ ਨਾਲੋਂ ਕੁਝ ਬੇਮਿਸਾਲ ਜਿਹਾ ਨਜ਼ਰ ਆਉਂਦਾ ਹੈ। ਆਪ ਦਾ ਜਨਮ ੧੫ ਹਾੜ ਸੰਮਤ ੧੯੩੫ ਬਿਕ੍ਰਮੀ ਮੁਤਾਬਕ ੭ ਜੁਲਾਈ ੧੮੭੮ ਈਸਵੀ ਐਤਵਾਰ ਵਾਲੇ ਦਿਨ ਸ੍ਰੀ ਮਾਨ ਸਰਦਾਰ ਨੱਥਾ ਸਿੰਘ ਜੀ ਜੱਜ ਹਾਈ ਕੋਰਟ, ਨਾਭਾ (ਪੈਪਸੂ) ਦੇ ਘਰ ਮਾਤਾ ਪੰਜਾਬ ਕੌਰ ਜੀ ਦੀ ਸੁਭਾਗ ਕੁਖੋਂ ਹੋਇਆ।

ਆਪ ਦਾ ਜਨਮ ਇਕ ਪੂਰਨ ਗੁਰਸਿਖ ਘਰਾਣੇ ਵਿਚ ਹੋਣ ਕਰ ਕੇ ਬਚਪਨ ਤੋਂ ਹੀ ਆਪ ਧਾਰਮਿਕ ਰੁਚੀਆਂ ਵਾਲੇ ਪਰਤੀਤ ਹੋਣ ਲਗੇ। ਆਪ ਆਪਣੇ ਸੁਭਾਗ ਮਾਤਾ ਜੀ ਦੇ ਨਾਲ ਗੁਰਦਵਾਰੇ ਜਾਂਦੇ, ਗੁਰਬਾਣੀ ਦਾ ਕੀਰਤਨ ਕਥਾ ਤੇ ਸਤਿਗੁਰਾਂ ਦੇ ਪਵਿਤਰ ਜੀਵਨ ਸੁਣਦੇ, ਇਸ ਤਰ੍ਹਾਂ ਆਪ ਦੇ ਹਿਰਦੇ ਅੰਦਰ ਗੁਰਬਾਣੀ ਦਾ ਪਰੇਮ ਦਿਨੋ ਦਿਨ ਵਧਦਾ ਗਿਆ। ਮੁਢਲੀ ਵਿਦਿਆ ਤਾਂ ਆਪ ਜੀ ਨੇ ਨਾਭੇ ਵਿਚ ਹੀ ਪ੍ਰਾਪਤ ਕੀਤੀ ਅਤੇ ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਮਗਰੋਂ ਉਚੇਰੀ ਵਿਦਿਆ ਪ੍ਰਾਪਤੀ ਲਈ ਆਪ ਨੂੰ ਉਸ ਸਮੇਂ ਦੀ ਪੰਜਾਬ ਦੀ ਰਾਜਧਾਨੀ ਲਾਹੌਰ (ਅਜ ਕਲ ਪਾਕਿਸਤਾਨ) ਜਾਣਾ ਪਿਆ। ਐਫ਼. ਏ. ਤਾਂ ਆਪ ਨੇ ਗੌਰਮਿੰਟ ਕਾਲਜ, ਲਾਹੌਰ ਤੋਂ ਪਾਸ ਕੀਤੀ ਅਤੇ ਫਿਰ ਮਿਸ਼ਨ ਕਾਲਜ ਲਾਹੌਰ ਵਿਚ ਪੜ੍ਹਦਿਆਂ ਆਪ ਨੇ ਹਜ਼ਰਤ ਯਸੂਹ ਮਸੀਹ ਜੀ ਦਾ ਪਵਿਤਰ ਜੀਵਨ, ਅੰਜੀਲ ਅਤੇ ਉਹਨਾਂ ਦੀਆਂ ਪਵਿਤਰ ਸਿਖਿਆਵਾਂ ਦਾ ਅਧਿਐਨ ਕੀਤਾ ਅਤੇ ਪ੍ਰਤੀਤ ਕੀਤਾ ਕਿ ਈਸਾਈ ਧਰਮ ਦੀਆਂ ਬਹੁਤ ਸਾਰੀਆਂ ਸਿਖਿਆਵਾਂ ਸਿਖ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨਾਲ ਮਿਲਦੀਆਂ ਜੁਲਦੀਆਂ ਹਨ, ਪਰ ਜੋ ਸਿਖ ਧਰਮ ਦੀ ਵਿਸ਼ੇਸ਼ਤਾ ਹੈ ਇਸ ਦੀ ਤੁਲਨਾ ਕਿਸੇ ਦੂਸਰੇ ਧਰਮ ਨਾਲ ਨਹੀਂ ਕੀਤੀ ਜਾ ਸਕਦੀ।

ਸੰਨ ੧੯੦੦ ਈਸਵੀ ਵਿਚ ਆਪ ਨੇ ਮਿਸ਼ਨ ਕਾਲਜ ਲਾਹੌਰ ਤੋਂ ਹੀ ਬੀ. ਏ. ਦਾ ਇਮਤਿਹਾਨ ਪਾਸ ਕਰ ਲਿਆ

ਅਤੇ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਤਹਿਸੀਲਦਾਰ ਦੇ ਪਦ ਪੁਰ ਲਗਵਾ ਦਿਤਾ। ਇਸ ਸਮੇਂ ਆਪ ਇਕ ਅੰਗਰੇਜ਼ ਡਾਕਟਰ ਮਿਸਟਰ ਫ਼ਿਸ਼ਰ ਦੇ ਨਾਲ ਪਲੇਗ ਡਿਊਟੀ ਪੁਰ ਲਗੇ। ਇਹਨੀਂ ਦਿਨੀਂ ਪੰਜਾਬ ਵਿਚ ਅਜਿਹੀ ਪਲੇਗ ਦੀ ਵਬਾ ਫੈਲਦੀ ਸੀ ਕਿ ਇਕ ਇਕ ਦਿਨ ਵਿਚ ਹਜ਼ਾਰਾਂ ਇਨਸਾਨ ਇਸ ਵਿਹੁਲੇ ਰੋਗ ਦਾ ਸ਼ਿਕਾਰ ਹੋ ਜਾਂਦੇ ਸਨ।

ਇਸ ਸਮੇਂ ਇਕ ਹੋਰ ਅੰਗਰੇਜ਼ ਡਾਕਟਰ ਮਿਸਟਰ ਡਾਬ ਵੀ ਆਪ ਜੀ ਦੇ ਨਾਲ ਹੀ ਡਿਊਟੀ ਪੁਰ ਲਗ ਗਏ। ਇਹ ਦੋਵੇਂ ਅੰਗਰੇਜ਼ ਡਾਕਟਰ ਈਸਾਈ ਧਰਮ ਵਿਚ ਬੜੇ ਪਰਪੱਕ ਸਨ ਅਤੇ ਇਹਨਾਂ ਨੂੰ ਆਪਣੇ ਧਰਮ ਸਬੰਧੀ ਪੂਰੀ ਪੂਰੀ ਵਾਕਫੀ ਸੀ। ਇਹ ਧਾਰਮਿਕ ਰੁਚੀਆਂ ਵਾਲੇ ਸਨ ਜਿਸ ਕਰ ਕੇ ਇਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਲ 'ਵਾਹਿਗੁਰੂ' ਅਤੇ ਸਿਖ ਧਰਮ ਬਾਰੇ ਕਈ ਵਾਰੀ ਖਿਆਲ ਵਟਾਂਦਰਾ ਕਰਦੇ ਰਹਿੰਦੇ ਸਨ। ਭਾਈ ਸਾਹਿਬ ਉਪਰ ਇਹਨਾਂ ਅੰਗਰੇਜ਼ ਵਿਦਵਾਨਾਂ ਨੇ ਪ੍ਰਸ਼ਨ ਕੀਤਾ ਕਿ ਆਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਗੁਰੂ ਵਾਂਗ ਪੂਜਾ ਕਰਦੇ ਹੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਕੇਵਲ ਇਕ ਪੁਸਤਕ ਦਾ ਹੀ ਰੂਪ ਤੇ ਹੈ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਇਸ ਲਿਹਾਜ਼ ਨਾਲ ਬੁਤ-ਪ੍ਰਸਤੀ (ਬੁੱਤ - ਪੂਜਾ) ਨਹੀਂ ? ਇਸ ਸਬੰਧੀ ਭਾਈ ਸਾਹਿਬ ਜੀ ਨੇ ਜੋ ਵਿਚਾਰ ਉਹਨਾਂ ਅੰਗਰੇਜ਼ ਡਾਕਟਰਾਂ ਦੇ ਸਾਹਮਣੇ ਰਖੇ

ਉਹ ਇਹਨਾਂ ਦੀ ਸਭ ਤੋਂ ਪਹਿਲੀ ਰਚਨਾ 'ਕੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ?' ਵਿਚ ਅੰਕਿਤ ਕੀਤੀ ਗਈ। ਆਪ ਜੀ ਦੇ ਇਹ ਸ਼ੁਭ ਵਿਚਾਰ ਇਕ ਛੋਟੀ ਜਿਹੀ ਪੁਸਤਕ ਦੇ ਰੂਪ ਅੰਦਰ ਸੰਨ ੧੯੧੦ ਵਿਚ ਪ੍ਰਕਾਸ਼ਤ ਹੋਏ। ਇਸ ਨਿਕੀ ਜਿਹੀ ਪੁਸਤਕ ਨੇ ਲੱਖਾਂ ਸਿੰਘ ਅਤੇ ਅਨਮਤੀਆਂ ਦੀ ਪੂਰਨ ਤੌਰ ਤੇ ਤਸੱਲੀ ਕਰਵਾ ਦਿਤੀ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਬਾਣੀ ਰੂਪ, ਅਸਲ ਵਿਚ ਗੁਰਬਾਣੀ ਜਾਂ ਅਕਾਲ ਪੁਰਖ ਦੀ ਪੂਜਾ ਹੈ, ਇਹ ਪੁਸਤਕ ਰੂਪ ਦੀ ਉਪਾਸ਼ਨਾਂ ਨਹੀਂ।

ਆਪ ਜੀ ਦੇ ਹਿਰਦੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਸਤਿਕਾਰ ਤਾਂ ਪਹਿਲਾਂ ਹੀ ਸੀ, ਪਰ ਪੜ੍ਹਾਈ ਦੇ ਦਿਨਾਂ ਵਿਚ ਆਪ ਨੂੰ ਗੁਰਬਾਣੀ ਨਾਲ ਜੋ ਪ੍ਰੇਮ ਹੋ ਗਿਆ ਉਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਤੇ ਉਹਨਾਂ ਦੇ ਪਾਵਨ ਉਪਦੇਸ਼ਾਂ ਨੇ ਆਪ ਨੂੰ ਅਜੇਹੀ ਪ੍ਰੇਰਣਾ ਦਿਤੀ ਕਿ ਆਪ ੧੯੦੩ ਵਿਚ ਪਿੰਡ ਬਕਾ ਪੁਰ ਤਹਿਸੀਲ ਫਲੌਰ, ਜ਼ਿਲਾ ਜਲੰਧਰ ਵਿਚ ਇਕ ਦੀਵਾਨ ਵਿਚ ਖਾਲਸਾ ਜੀ ਦਾ ਸਮਾਗਮ ਦੇਖਣ ਵਾਸਤੇ ਗਏ। ਇਸ ਸਮਾਗਮ ਵਿਚ ਇਕ ਮੌਲਵੀ ਕਰੀਮ ਬਖਸ਼ ਤੇ ਉਸ ਦਾ ਸਾਰਾ ਪ੍ਰਵਾਰ ਸਿੰਘ ਸਜਣ ਲਈ ਤੇ ਅੰਮ੍ਰਿਤ ਪਾਨ ਕ੍ਰਨ ਲਈ ਆਇਆ ਹੋਇਆ ਸੀ, ਇਸ ਲਈ ਇਸ ਸਮੇਂ ਮਹਾਨ ਅੰਮ੍ਰਿਤ ਪਰਚਾਰ ਹੋਇਆ। ਇਸ ਸਮਾਗਮ ਵਿਚ ਗੁਰਸਿਖਾਂ ਦਾ

ਉਤਸ਼ਾਹ ਤੇ ਸਤਿਗੁਰਾਂ ਦਾ ਅਥਾਹ ਪ੍ਰੇਮ ਵੇਖ ਕੇ ਭਾਈ ਸਾਹਿਬ ਜੀ ਦੇ ਗੁਰਸਿਖੀ ਪਿਆਰ ਨੇ ਵੀ ਅਜਿਹਾ ਹੁਲਾਰਾ ਮਾਰਿਆ ਕਿ ਆਪ ਨੇ ਵੀ ਉਸ ਜਥੇ ਦੇ ਨਾਲ ਹੀ ਪਵਿਤਰ ਅੰਮ੍ਰਿਤ ਪਾਨ ਕਰ ਲਿਆ। ਇਸ ਤੋਂ ਮਗਰੋਂ ਆਪ ਨੇ ਆਪਣੀ ਪਹਿਲੀ ਨੌਕਰੀ ਛਡ ਦਿਤੀ ਤੇ ਸਰਹੱਦੀ ਇਲਾਕੇ ਵਲ ਚਲੇ ਗਏ। ੧੯੦੫ ਵਿਚ ਆਪ ਐਬਟਾਬਾਦ ਦੇ ਇਕ ਦਫਤਰ ਵਿਚ ਹੈੱਡ ਕਲਰਕ ਲਗ ਗਏ। ਇਥੋਂ ਵੀ ਆਪ ਦਾ ਦਿਲ ਉਚਾਟ ਹੋ ਗਿਆ ਅਤੇ ਆਪ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ। ਉਹਨੀਂ ਦਿਨੀਂ ਪੰਥ ਦੀ ਵਾਗ ਡੋਰ ਚੀਫ ਖਾਲਸਾ ਦੀਵਾਨ ਦੇ ਕਰਮਚਾਰੀਆਂ ਦੇ ਹਥ ਸੀ। ਆਪ ਨੇ ਵੀ ਸਿਖ ਧਰਮ ਦੇ ਪ੍ਰਚਾਰ ਵਿਚ ਹਿੱਸਾ ਲੈਣਾ ਅਰੰਭ ਦਿਤਾ। ਇਸ ਸਮੇਂ ਸ: ਹਰਬੰਸ ਸਿੰਘ ਅਟਾਰੀ ਵਾਲੇ ਜੋ ਪੂਰਨ ਗੁਰ-ਸਿਖ, ਨਾਮ ਦੇ ਰਸੀਏ ਤੇ ਗੁਰੂ ਘਰ ਦੇ ਪੂਰਨ ਸ਼ਰਧਾਲੂ ਸਨ ਤੇ ਚੀਫ ਖਾਲਸਾ ਦੀਵਾਨ ਦੇ ਇਕ ਉਘੇ ਕਰਮਚਾਰੀ ਸਨ, ਭਾਈ ਸਾਹਿਬ ਜੀ ਨੂੰ ਮਿਲੇ ਅਤੇ ਆਪ ਦੀ ਪ੍ਰੇਰਨਾ ਨਾਲ ਭਾਈ ਸਾਹਿਬ ਖਾਲਸਾ ਕਾਲਜ, ਅੰਮ੍ਰਿਤਸਰ ਜੀ ਵਿਚ ਹੋਸਟਲ ਦੇ ਸੁਪ੍ਰਿੰਟੈਂਡੈਂਟ ਲਗ ਗਏ। ਖਾਲਸਾ ਕਾਲਜ ਦੇ ਹੋਸਟਲ ਵਿਚ ਰਹਿਣ ਕਰ ਕੇ ਆਪ ਨੂੰ ਗੁਰਬਾਣੀ ਦੇ ਕੀਰਤਨ ਦਾ ਸ਼ੌਕ ਪੈਦਾ ਹੋਇਆ ਅਤੇ ਇਸ ਤਰ੍ਹਾਂ ਆਪ ਨੇ ਹਾਰਮੋਨੀ-ਅਮ ਨਾਲ ਕੀਰਤਨ ਕਰਨਾ ਸਿਖ ਲਿਆ। ਹੁਣ ਆਪ ਵਡੇ ਵਡੇ ਦੀਵਾਨਾਂ ਸਮਾਗਮਾਂ ਵਿਚ ਜਾ ਕੇ ਸ਼ਬਦ ਕੀਰਤਨ

ਕਰਦੇ ਅਤੇ ਨਾਮ ਰਸ ਵਿਚ ਲੀਨ ਹੋ ਕੇ ਸਤਿਗੁਰਾਂ ਦੇ ਚਰਨ ਕੰਵਲਾਂ ਵਿਚ ਮਨ ਜੋੜ ਕੇ ਆਪਾ ਭੁਲ ਜਾਂਦੇ ਤੇ ਆਤਮ ਰਸ ਮਾਣਦੇ।

ਇਹ ਆਪ ਜੀ ਦਾ ਮੁਢਲਾ ਨੇਮ ਸੀ ਕਿ ਜਦ ਆਪ ਦਾ ਹਿਰਦਾ ਗੁਰਬਾਣੀ ਦੇ ਕੀਰਤਨ ਕਰਨ ਲਈ ਪ੍ਰੇਰਿਆ ਗਿਆ।

# ੩.

# ਮੇਰੇ ਅੰਗ ਸੰਗ ਮੇਰਾ ਮਾਹੀ ਕਲਗੀ ਵਾਲਾ ਹੈ

ਬਸੰਤ ਦੀ ਸੁਹਾਵਣੀ ਰੁਤ ਸੀ, ਬਾਹਰ ਪੈਲੀਆਂ ਵਿਚ ਜਿਧਰ ਨਜ਼ਰ ਮਾਰੋ–ਤਾਰੇ ਮੀਰੇ, ਤੋਰੀਏ ਅਤੇ ਸਰ੍ਹੋਂ ਦੇ ਮੋਤੀਏ ਅਤੇ ਪੀਲੇ ਰੰਗਾਂ ਦੇ ਵੰਨ ਸੁਵੰਨੇ ਫੁੱਲਾਂ ਨਾਲ ਭਰਪੂਰ ਖੇਤ ਦੂਰ ਦੂਰ ਤਕ ਲਹਿ ਲਹਾ ਰਹੇ ਸਨ। ਅੰਮ੍ਰਿਤ ਵੇਲੇ ਦੀ ਠੰਡੀ ਠੰਡੀ ਤੇ ਹਲਕੀ ਹਲਕੀ ਰਿਵੀ ਚਲ ਰਹੀ ਸੀ। ਇਸ ਸਮੇਂ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣੇ ਦੇ ਸ੍ਰੀ ਗੁਰੂ ਸਿੰਘ ਸਭਾ ਦੇ ਦੀਵਾਨ ਵਿਚ ਸ਼ਬਦ ਕੀਰਤਨ ਹੋ ਰਿਹਾ ਸੀ। ਗੁਰਸਿਖ ਮਾਈ ਭਾਈ ਬੜੇ ਪਰੇਮ ਨਾਲ ਦੀਵਾਨ ਵਿਚ

ਸਜੇ ਹੋਏ ਗੁਰਬਾਣੀ ਦੇ ਕੀਰਤਨ ਦਾ ਅਨੰਦ ਲੈ ਰਹੇ ਸਨ। ਐਤਵਾਰ ਦਾ ਦਿਨ ਸੀ, ਜਿਸ ਕਰ ਕੇ ਦੀਵਾਨ ਰਤਾ ਦੇਰ ਤਕ ਸਜਿਆ ਰਿਹਾ। ਸ਼ਬਦ ਕੀਰਤਨ ਤੋਂ ਮਗਰੋਂ ਦੋ ਤਿੰਨ ਵਿਦਵਾਨਾਂ ਨੇ ਗੁਰਮਤਿ ਸਬੰਧੀ ਵਿਖਿਆਨ ਦਿਤੇ ਤੇ ਲਗ ਪਗ ੧੧ ਕੁ ਵਜੇ ਦੀਵਾਨ ਦੀ ਸਮਾਪਤੀ ਹੋਈ। ਸਾਰੀ ਸੰਗਤ ਅਰਦਾਸਾ ਸੋਧਿਆ ਜਾਣ ਮਗਰੋਂ ਪ੍ਰਸ਼ਾਦਿ ਲੈ ਕੇ ਆਪਣੇ ਆਪਣੇ ਘਰਾਂ ਵਲ ਚਾਲੇ ਪਾ ਗਈ ਅਤੇ ਮਗਰੋਂ ਪੰਜ ਛੇ ਪਤਵੰਤੇ ਸਜਣ ਜੋ ਬੜੇ ਗੁਰਮੁਖ ਨਾਮ ਦੇ ਰਸੀਏ ਅਤੇ ਗੁਰਬਾਣੀ ਦੇ ਪਰੇਮੀ ਸਨ, ਗੁਰਦੁਆਰੇ ਤੋਂ ਬਾਹਰ ਪੈਲੀਆਂ ਵਲ ਤੁਰ ਪਏ। ਪਿੰਡੋਂ ਦੋ ਤਿੰਨ ਪੈਲੀਆਂ ਦੀ ਵਿਥ ਤੇ ਇਕ ਖੂਹ ਸੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਸਾਨੂੰ ਪਿਆਸ ਲਗੀ ਹੈ, ਆਓ ਜਲ ਛਕ ਲਈਏ।

ਸਾਰੇ ਜਣੇ ਖੂਹ ਵਲ ਗਏ, ਕੀ ਦੇਖਦੇ ਹਨ ਕਿ ਇਹ ਮੁਸਲਮਾਨ ਅਰਾਈਆਂ ਦਾ ਖੂਹ ਸੀ। ਖੂਹ ਉਤੇ ਡੋਲ ਨਹੀਂ ਸੀ, ਕੇਵਲ ਚਮੜੇ ਦਾ ਇਕ ਬੋਕਾ ਸੀ। ਭਾਈ ਗੁਲਾਬ ਸਿੰਘ ਜੀ ਨੇ ਕਿਹਾ 'ਭਾਈ ਸਾਹਿਬ ਜੀ! ਇਹ ਚਮੜੇ ਦਾ ਬੋਕਾ ਤਾਂ ਹੈ, ਪਰ ਡੋਲ ਕੋਈ ਨਹੀਂ। ਜੇ ਹੁਕਮ ਕਰੋ ਤਾਂ ਬੋਕੇ ਨਾਲ ਹੀ ਜਲ ਕੱਢ ਕੇ ਛਕ ਲਿਆ ਜਾਵੇ, ਖਾਲਸੇ ਨੂੰ ਭਰਮ ਨਹੀਂ ਕਰਨਾ ਚਾਹੀਦਾ।'

ਭਾਈ ਗੁਲਾਬ ਸਿੰਘ ਦੇ ਇਹ ਬਚਨ ਸੁਣ ਕੇ ਭਾਈ

ਸਾਹਿਬ ਜੀ ਮੁਸਕਰਾਏ ਅਤੇ ਫੁਰਮਾਇਆ ਕਿ ਖਾਲਸੇ ਨੂੰ ਭਰਮ ਤਾਂ ਕੋਈ ਨਹੀਂ, ਪਰ ਜਿਸ ਜਾਨਵਰ ਦੇ ਚਮੜੇ ਦਾ ਇਹ ਬੋਕਾ ਬਣਿਆ ਹੈ, ਇਹ ਵੀ ਪਤਾ ਨਹੀਂ ਕਿ ਉਸ ਨੂੰ ਹਲਾਲ ਕੀਤਾ ਗਿਆ ਸੀ ਜਾਂ ਉਸ ਦਾ ਝਟਕਾ ਕੀਤਾ ਗਿਆ ਸੀ। ਇਸ ਲਈ ਅਸੀਂ ਇਸ ਬੋਕੇ ਨਾਲ ਕੱਢਿਆ ਜਲ ਨਹੀਂ ਛਕਾਂਗੇ।

ਇਸ ਖਿਆਲ ਨਾਲ ਹੁਣ ਇਹ ਚਰਚਾ ਹੋਣ ਲਗਾ ਕਿ ਬੋਕੇ ਨਾਲ ਜਲ ਛਕਣਾ ਚਾਹੀਦਾ ਹੈ ਕਿ ਨਹੀਂ ? ਇਸ ਤਰ੍ਹਾਂ ਵਿਚਾਰ ਕਰਦਿਆਂ ਇਹ ਫੈਸਲਾ ਹੋਇਆ ਕਿ ਕਲ੍ਹ ਲੁਧਿਆਣੇ ਸੰਗਤ ਦਾ ਇਕੱਠ ਕੀਤਾ ਜਾਵੇ ਅਤੇ ਚੰਗੀ ਤਰ੍ਹਾਂ ਵਿਚਾਰ ਕੀਤੀ ਜਾਵੇ ਕਿ ਬੋਕੇ ਦਾ ਪਾਣੀ ਗੁਰਸਿਖਾਂ ਲਈ ਪੀਣਾ ਠੀਕ ਹੈ ਜਾਂ ਨਹੀਂ ? ਭਾਈ ਸਾਹਿਬ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ ਕਿ ਅਸੀਂ ਜਲ ਵੀ ਇਸ ਗੱਲ ਦਾ ਫੈਸਲਾ ਹੋਣ ਤੇ ਹੀ ਛਕਾਂਗੇ। ਇਹ ਕਹਿ ਕੇ ਆਪ ਆਪਣੇ ਨਗਰ ਨਾਰੰਗਵਾਲ ਚਲੇ ਗਏ। ਅਗਲੇ ਦਿਨ ਡਾਕਟਰ ਨੱਥਾ ਸਿੰਘ ਤੇ ਹੋਰ ਪੰਜ ਛੇ ਗੁਰਸਿਖ ਲੁਧਿਆਣੇ ਜਾਣ ਲਈ ਰਾਇਪੁਰ ਸਟੇਸ਼ਨ ਜਾ ਪਹੁੰਚੇ, ਅਤੇ ਭਾਈ ਸਾਹਿਬ ਜੀ ਵੀ ਆਪਣੇ ਸਾਥੀਆਂ ਸਮੇਤ ਆਪਣੇ ਪਿੰਡੋਂ ਆ ਗਏ। ਆਪ ਨੇ ਦੇਖਿਆ ਕਿ ਡਾਕਟਰ ਨੱਥਾ ਸਿੰਘ ਜੀ ਸਰਬ ਲੋਹ ਦਾ ਗੜਵਾ ਪਾਣੀ ਨਾਲ ਭਰਿਆ ਹੋਇਆ ਲੈ ਕੇ ਸਟੇਸ਼ਨ ਦੇ ਮੁਸਾਫਰ ਖਾਨੇ ਦੀਆਂ ਪੌੜੀਆਂ ਪੁਰ ਖੜੇ ਸਨ। ਭਾਈ ਜੀ ਤੇ ਦੂਜੇ ਸਜਣਾਂ ਨੂੰ ਦੇਖਕੇ ਡਾਕਟਰ

ਨੱਥਾ ਸਿੰਘ ਜੀ ਨੇ ਕਿਹਾ—'ਲਓ ਭਾਈ ਸਾਹਿਬ ! ਜਲ ਛਕੋ।'

ਜਦੋਂ ਭਾਈ ਸਾਹਿਬ ਜੀ ਨੇ ਦੇਖਿਆ ਕਿ ਸਰਬ ਲੋਹ ਦਾ ਗੜਵਾ ਹੈ ਅਤੇ ਸਰਬ ਲੋਹ ਦਾ ਹੀ ਬਾਟਾ ਹੈ ਤਾਂ ਆਪ ਨੇ ਜਲ ਛਕ ਲਿਆ। ਜਲ ਛਕ ਕੇ ਭਾਈ ਸਾਹਿਬ ਅਗੇ ਵਧੇ ਅਤੇ ਟਿਕਟਾਂ ਵਾਲੀ ਬਾਰੀ ਪਾਸ ਟਿਕਟ ਲੈਣ ਪੁਜੇ। ਆਪ ਨੇ ਦੇਖਿਆ ਕਿ ਡਾਕਟਰ ਨੱਥਾ ਸਿੰਘ ਜੀ ਪਲੇਟ ਫਾਰਮ ਪੁਰ ਖੜੇ ਆਵਾਜ਼ ਦੇ ਰਹੇ ਸਨ—'ਭਾਈ ਸਾਹਿਬ ਜੀ ! ਟਿਕਟ ਨਾ ਲਵੋ, ਅਸੀਂ ਤੁਹਾਡਾ ਟਿਕਟ ਲੈ ਲਿਆ ਹੈ।'

ਭਾਈ ਸਾਹਿਬ ਪਲੇਟ ਫਾਰਮ ਤੇ ਚਲੇ ਗਏ ਤੇ ਡਾਕਟਰ ਸਾਹਿਬ ਪਾਸੋਂ ਪੁਛਿਆ ਕਿ ਤੁਸੀਂ ਤੇ ਮੈਨੂੰ ਹੁਣੇ ਸਰਬ ਲੋਹ ਦੇ ਗੜਵੇ ਵਿਚੋਂ ਜਲ ਛਕਾ ਰਹੇ ਸੀ, ਤੁਸੀਂ ਟਿਕਟ ਕਦੋਂ ਲਿਆ ?

ਭਾਈ ਸਾਹਿਬ ਜੀ ਦੀ ਇਹ ਗਲ ਸੁਣ ਕੇ ਡਾਕਟਰ ਸਾਹਿਬ ਹੈਰਾਨ ਹੋ ਕੇ ਬੋਲੇ—'ਭਾਈ ਸਾਹਿਬ ਜੀ ! ਅਸੀਂ ਆਪ ਜੀ ਨੂੰ ਜਲ ਨਹੀਂ ਛਕਾਇਆ, ਸਾਡੇ ਪਾਸ ਤਾਂ ਸਰਬ ਲੋਹ ਦਾ ਗੜਵਾ ਹੀ ਨਹੀਂ।'

ਭਾਈ ਸਾਹਿਬ ਵੀ ਹੈਰਾਨ ਸਨ ਕਿ ਉਹ ਸੱਜਣ ਕੌਣ ਸਨ, ਜਿਨ੍ਹਾਂ ਨੇ ਡਾਕਟਰ ਨੱਥਾ ਸਿੰਘ ਦੇ ਰੂਪ ਵਿਚ ਆ ਕੇ ਸਾਨੂੰ ਜਲ ਛਕਾਇਆ। ਪਰ ਭਾਈ ਸਾਹਿਬ ਸਮਝ ਗਏ ਕਿ

ਸਾਡਾ ਸਵਾਲ ਹਲ ਹੋ ਗਿਆ ਹੈ । ਦਸਮੇਸ਼ ਪਿਤਾ ਜੀ ਨੇ ਆਪ ਹੀ ਇਹ ਫੈਸਲਾ ਕਰ ਦਿਤਾ ਹੈ ਕਿ ਅਸੀਂ ਬੱਕੇ ਦਾ ਜਲ ਨਹੀਂ ਛਕਣਾ ਸਗੋਂ ਸਰਬ ਲੋਹ ਦੇ ਗੜਵੇ ਦਾ ਜਲ ਛਕਣਾ ਹੈ। ਉਸ ਦਿਨ ਤੋਂ ਆਪ ਸਫਰ ਵਿਚ ਸਰਬ ਲੋਹ ਦਾ ਗੜਵਾ ਆਪਣੇ ਨਾਲ ਰਖਦੇ ਰਹੇ ।

## ੩.

# ਦੇਗ ਤੇਗ ਫਤਹ

ਭਾਈ ਸਾਹਿਬ ਆਮ ਕਰਕੇ 'ਪੰਚ ਖੰਡ' ਭਸੌੜ ਵਿਖੇ ਜਾਂਦੇ ਹੀ ਰਹਿੰਦੇ ਸਨ ਅਤੇ ਓਥੇ ਜਾ ਕੇ ਆਪ ਕੀਰਤਨ ਭੀ ਕਰਿਆ ਕਰਦੇ ਸਨ। ਪੰਚਖੰਡ ਜਾਣ ਕਰਕੇ ਰਸਤੇ ਵਿਚ ਆਪ ਲੁਧਿਆਣੇ ਵੀ ਠਹਿਰਿਆ ਕਰਦੇ ਸਨ,ਮਾਲਵਾ ਖਾਲਸਾ ਹਾਈ ਸਕੂਲ ਦੇ ਅਧਿਆਪਕ ਸ: ਹਰਿਭਗਤ ਸਿੰਘ ਜੀ ਨਾਲ ਆਪ ਜੀ ਦਾ ਬੜਾ ਪਰੇਮ ਹੋ ਗਿਆ। ਨਵੰਬਰ ੧੯੦੮ ਵਿਚ ਇਕ ਵਾਰ ਭਾਈ ਸਾਹਿਬ ਲੁਧਿਆਣੇ ਗਏ। ਸ਼ਾਮ ਦਾ ਸਮਾਂ ਸੀ ਜਦੋਂ ਆਪ ਸ: ਹਰਿਭਗਤ ਸਿੰਘ ਜੀ ਨੂੰ ਮਿਲਣ ਲਈ ਮਾਲਵਾ ਖਾਲਸਾ ਹਾਈ ਸਕੂਲ ਵਿਚ ਗਏ। ਸਰਦਾਰ ਜੀ

ਆਪਣੇ ਘਰ ਨਹੀਂ ਸਨ। ਇਸ ਵੇਲੇ ਸਕੂਲ ਦੇ ਗੁਰਦੁਆਰੇ ਵਿਚ ਰਹਿਰਾਸ ਸਾਹਿਬ ਦਾ ਦੀਵਾਨ ਸਜਿਆ ਹੋਇਆ ਸੀ। ਸ: ਹਰਿਭਗਤ ਸਿੰਘ ਜੀ ਨੇ ਭਾਈ ਸਾਹਿਬ ਜੀ ਅਗੇ ਬੇਨਤੀ ਕੀਤੀ ਕਿ ਆਪ ਕੁਝ ਸਮੇਂ ਲਈ ਕੀਰਤਨ ਕਰਨ। ਭਾਈ ਸਾਹਿਬ ਜੀ ਦੇ ਹਿਰਦੇ ਅੰਦਰ ਬੜਾ ਪ੍ਰੇਮ ਜਾਗਿਆ। ਆਪ ਨੇ ਬੜੇ ਪਰੇਮ ਨਾਲ ਸਤਿਗੁਰਾਂ ਦੇ ਚਰਨਾਂ ਨਾਲ ਲਿਵ ਜੋੜ ਕੇ ਕੀਰਤਨ ਆਰੰਭ ਕੀਤਾ। ਆਪ ਨੇ 'ਮੇਰਾ ਮਨ ਲੋਚੈ ਗੁਰ ਦਰਸਨ ਤਾਈ॥' ਵਾਲੇ ਸ਼ਬਦ ਦਾ ਕੀਰਤਨ ਆਰੰਭ ਕੀਤਾ। ਇਕ ਤੇ ਭਾਈ ਸਾਹਿਬ ਜੀ ਦੇ ਗਲੇ ਦੀ ਰਸੀਲੀ ਆਵਾਜ਼, ਦੂਸਰਾ ਹਿਰਦੇ ਅੰਦਰ ਪਰੇਮ ਤੇ ਸ਼ਰਧਾ ਦੀਆਂ ਛੱਲਾਂ ਉਠ ਰਹੀਆਂ ਹਨ। ਕੀਰਤਨ ਦਾ ਅਜਿਹਾ ਅਨੰਦ ਆ ਰਿਹਾ ਸੀ ਕਿ ਸਾਰੀ ਸੰਗਤ ਸਤਿਗੁਰਾਂ ਦੇ ਚਰਨਾਂ ਨਾਲ ਲਿਵ ਜੋੜ ਕੇ ਬੁੱਤ ਬਣੀ ਹੋਈ ਸੀ। ਅਧਾ ਕੁ ਘੰਟਾ ਕੀਰਤਨ ਹੋਇਆ। ਸੰਗਤਾਂ ਨੇ ਮਹਾਂ ਅਨੰਦ ਪ੍ਰਾਪਤ ਕੀਤਾ ਅਤੇ ਬੇਨਤੀ ਕੀਤੀ ਕਿ ਆਪ ਜਦੋਂ ਵੀ ਆਇਆ ਕਰੋ ਗੁਰਦੁਆਰੇ ਆ ਕੇ ਸ਼ਬਦ ਕੀਰਤਨ ਕਰਿਆ ਕਰੋ। ਸੰਗਤ ਦਾ ਪਰੇਮ ਵੇਖ ਕੇ ਭਾਈ ਸਾਹਿਬ ਹਰ ਬੁਧਵਾਰ ਭੁਝੰਗੀ ਸਭਾ ਦੇ ਦੀਵਾਨ ਵਿਚ ਕੀਰਤਨ ਕਰਨ ਲਈ ਆਉਂਦੇ ਤੇ ਇਸ ਤਰ੍ਹਾਂ ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ।

ਭਾਈ ਸਾਹਿਬ ਜੀ ਦਾ ਕੀਰਤਨ ਸਾਰੇ ਸ਼ਹਿਰ ਵਿਚ ਬੜਾ ਹੀ ਪ੍ਰਸਿਧ ਹੋ ਗਿਆ। ਗੁਰਪੁਰਬਾਂ ਦੇ ਸਮੇਂ ਤਾਂ ਆਪ ਜੀ

ਗੁਰਦੁਆਰਿਆਂ ਵਿਚ ਕੀਰਤਨ ਕਰਨ ਲਈ ਅਤੇ ਨਗਰ ਕੀਰਤਨ ਦੇ ਨਾਲ ਬਜ਼ਾਰਾਂ ਵਿਚ ਕੀਰਤਨ ਕਰਨ ਲਈ ਜ਼ਰੂਰ ਹੀ ਆਉਂਦੇ। ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸੀ, ਸ਼ਹਿਰ ਵਿਚ ਨਗਰ ਕੀਰਤਨ ਦਾ ਬੜਾ ਭਾਰਾ ਜਲੂਸ ਕਢਿਆ ਗਿਆ। ਇਸ ਸਮੇਂ ਆਪ ਵੀ ਆਪਣੇ ਕੀਰਤਨੀ ਜਥੇ ਸਣੇ ਨਗਰ ਕੀਰਤਨ ਵਿਚ ਸ਼ਾਮਲ ਹੋਏ। ਜਦੋਂ ਇਹ ਜਲੂਸ ਚੌੜੇ ਬਾਜ਼ਾਰ ਵਿਚ ਪੁਜਾ, ਆਪ ਨੇ ਇਕ ਥਾਂ ਖੜੇ ਹੋ ਕੇ 'ਅਤਿ ਪ੍ਰੀਤਮ ਮਨਮੋਹਿਨਾ ਘਟਿ ਸੋਹਿਨਾ ਮੇਰੇ ਪ੍ਰਾਣ ਆਧਾਰਾ ਰਾਮ॥ ਸੁੰਦਰ ਸੋਭਾ ਲਾਲ ਦਿਆਲ ਗੋਪਾਲ ਕੀ ਅਪਰ ਅਪਾਰਾ ਰਾਮ॥' ਸ਼ਬਦ ਦਾ ਕੀਰਤਨ ਕੀਤਾ। ਬਾਜ਼ਾਰ ਵਿਚ ਸੰਗਤ ਹਿੰਦੂ, ਮੁਸਲਮਾਨ, ਸਿਖ ਆਦਿ ਐਨੀ ਇਕੱਠੀ ਹੋ ਗਈ ਕਿ ਬਾਜ਼ਾਰ ਬੰਦ ਹੋ ਗਿਆ।। ਲੋਕ ਘਰਾਂ ਵਿਚੋਂ ਨਿਕਲ ਨਿਕਲ ਕੇ ਕੀਰਤਨ ਸੁਣਨ ਲਗੇ। ਇਸ ਸਮੇਂ ਆਰੀਆ ਹਾਈ ਸਕੂਲ ਦੇ ਹੈਡ ਮਾਸਟਰ ਸਾਹਿਬ ਭੀ ਇਥੇ ਖੜੇ ਸਨ। ਜਦੋਂ ਉਹਨਾਂ ਨੇ ਆਪ ਦਾ ਕੀਰਤਨ ਸੁਣਿਆ ਤਾਂ ਆਪ ਪਰੇਮ ਮੁਗਧ ਹੋ ਗਏ ਤੇ ਉਹਨਾਂ ਦੇ ਮੂੰਹੋਂ ਅਵੱਸ਼ ਨਿਕਲਿਆ—'ਸਚਮੁਚ ਹੀ ਪਰੇਮ ਹੋਵੇ ਤੇ ਇਸ ਤਰ੍ਹਾਂ ਦਾ ਹੋਵੇ। ਕੋਈ ਪਤਾ ਹੀ ਨਹੀਂ ਕਿ ਆਪ ਕਿਥੇ ਹਨ, ਜਿਵੇਂ ਸਚਮੁਚ ਹੀ ਆਪਣੇ ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠੇ ਕੀਰਤਨ ਕਰ ਰਹੇ ਹਨ।'

ਭਾਈ ਸਾਹਿਬ ਜੀ ਦਾ ਕੀਰਤਨ ਨਾ ਸਿਰਫ ਲੁਧਿਆਣੇ

ਵਿਚ ਸਗੋਂ ਸਾਰੇ ਮਾਲਵੇ ਵਿਚ ਪ੍ਰਸਿਧ ਹੁੰਦਾ ਗਿਆ। ਆਪ ਜਦੋਂ ਕੀਰਤਨ ਕਰਨ ਬੈਠਦੇ, ਅੰਤਰ ਧਿਆਨ ਹੋ ਕੇ ਸਤਿਗੁਰਾਂ ਦੇ ਚਰਨਾਂ ਵਿਚ ਲਿਵਲੀਨ ਹੋ ਕੇ ਕੀਰਤਨ ਕਰਦੇ। ਇਕ ਸਮੇਂ ਆਪ ਦੇ ਪਿੰਡ ਨਾਰੰਗਵਾਲ ਦੇ ਗੁਰਦਵਾਰੇ ਵਿਚ ਕੀਰਤਨ ਹੋਇਆ। ਐਤਵਾਰ ਦਾ ਦਿਨ ਸੀ, ਬਹੁਤ ਸਾਰੀ ਸੰਗਤ ਆ ਗਈ। ਦੀਵਾਨ ਦੀ ਸਮਾਪਤੀ ਤੋਂ ਮਗਰੋਂ ਅਰਦਾਸਾ ਸੋਧ ਕੇ ਆਪ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਵਰ-ਤਾਈ। ਇਸ ਵਿਚ ਸ਼ੱਕ ਨਹੀਂ ਕਿ ਆਪ ਨੇ ਖੁਲ੍ਹੇ ਗਫੇ ਵਰਤਾਦੇ। ਕੜਾਹ ਪਰਸ਼ਾਦਿ ਦੀ ਦੇਗ ਥੁੜ ਗਈ। ਭਾਈ ਸਾਹਿਬ ਜੀ ਦਾ ਇਹ ਵਿਸ਼ਵਾਸ ਸੀ ਕਿ ਗੁਰੂ ਦੀ ਹਜ਼ੂਰੀ ਵਿਚ ਆਈ ਦੇਗ ਕਦੀ ਥੁੜ ਨਹੀਂ ਸਕਦੀ। ਇਹ ਜ਼ਰੂਰ ਕੋਈ ਭਾਣਾ ਵਰਤਿਆ ਹੈ। ਭਾਵੇਂ ਸੰਗਤ ਨੇ ਕਿਹਾ ਕਿ ਮਹਾਰਾਜ ! ਆਪ ਨੇ ਗਹਿਰਾ ਗਫਾ ਵਰਤਾਇਆ ਸੀ, ਇਸ ਲਈ ਦੇਗ ਥੁੜ ਗਈ ਹੈ। ਆਪ ਨੇ ਇਸ ਗ਼ਲ ਉਤੇ ਵਿਸ਼ਵਾਸ ਹੀ ਨਾ ਕੀਤਾ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਤਾਂ ਇਹ ਸ਼ਬਦ ਆਇਆ–

ਚੋਰ ਕੀਆ ਚੰਗਾ ਕਿਉ ਹੋਇ ॥
ਚੋਰ ਕੀ ਹਾਮਾ ਭਰੇ ਨਾ ਕੋਇ ॥

ਆਪ ਨੇ ਫੁਰਮਾਇਆ ਕਿ ਜਾਂ ਰਸਦ ਦੀ ਚੋਰੀ ਹੋਈ ਹੈ ਜਾਂ ਕਿਸੇ ਨੇ ਪ੍ਰਸ਼ਾਦਿ ਦੀ ਚੋਰੀ ਕੀਤੀ ਹੈ। ਦੇਗ ਤਿਆਰ ਕਰਨ ਵਾਲੇ ਭਾਈ ਚੰਦਾ ਸਿੰਘ ਨੂੰ ਬੁਲਾਇਆ ਗਿਆ। ਪਤਾ

ਲਗਾ ਕਿ ਭਾਈ ਜੀ ਨੇ ਪਹਿਲਾਂ ਰਸਦ ਤਾਂ ਪੂਰੀ ਦਿਤੀ ਸੀ, ਪਰ ਮਗਰੋਂ ਥੋੜਾ ਜਿਹਾ ਘਿਉ ਕਢ ਲਿਆ ਸੀ।

ਇਸ ਤੋਂ ਭਾਈ ਸਾਹਿਬ ਨੂੰ ਪੂਰਨ ਵਿਸ਼ਵਾਸ ਹੋ ਗਿਆ ਸੀ ਕਿ ਗੁਰਸਿਖਾਂ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਪਰਸ਼ਾਦਿ ਚੜ੍ਹਾਉਣ ਲਈ ਪੂਰੀ ਸ਼ਰਧਾ ਨਾਲ ਤੇ ਮਰਯਾਦਾ ਅਨੁਸਾਰ ਪਰਸ਼ਾਦਿ ਤਿਆਰ ਕਰਨਾ ਚਾਹੀਦਾ ਹੈ। ਪ੍ਰਸ਼ਾਦਿ ਚੜ੍ਹਾਉਣ ਤੇ ਕਰਨ ਵਾਲਿਆਂ ਦੇ ਹਿਰਦੇ ਪਵਿਤਰ ਤੇ ਸਤਿਗੁਰ ਉਤੇ ਪੂਰਾ ਭਰੋਸਾ ਰਖਣ ਵਾਲੇ ਹੋਣੇ ਚਾਹੀਦੇ ਹਨ। ਗੁਰਸਿਖਾਂ ਦੇ ਹਿਰਦੇ ਅੰਦਰ ਸੱਚਾ ਪਰੇਮ, ਸਿਦਕ, ਅਤੇ ਨਿਮਰਤਾ ਹੋਵੇ, ਤਦ ਹੀ ਪ੍ਰਸ਼ਾਦਿ ਗੁਰੂ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਅਤੇ ਅਜਿਹੇ ਪ੍ਰਸ਼ਾਦਿ ਵਿਚ ਕਦੀ ਥੁੜ ਨਹੀਂ ਆਉਂਦੀ। ਸਤਿਗੁਰੂ ਜੀ ਹਮੇਸ਼ਾਂ ਹੀ ਗੁਰਸਿਖਾਂ ਦੇ ਅੰਗ ਸੰਗ ਰਹਿੰਦੇ ਹਨ। ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਖੰਡ ਪਾਠ ਗੁਰਮਤਿ ਮਰਯਾਦਾ, ਪੂਰਨ ਸ਼ਰਧਾ ਪਰੇਮ ਤੇ ਸਿਦਕ ਨਾਲ ਕੀਤਾ ਜਾਂਦਾ ਹੈ ਸ੍ਰੀ ਦਸਮੇਸ਼ ਪਿਤਾ ਜੀ ਆਪ ਸੰਗਤ ਵਿਚ ਬਿਰਾਜਮਾਨ ਹੁੰਦੇ ਹਨ। ਅੱਖਾਂ ਵਾਲੇ ਉਹਨਾਂ ਦਾ ਪਰਤੱਖ ਦੀਦਾਰ ਕਰਦੇ ਹਨ; ਅਰਦਾਸ ਕਰਨ ਤੇ ਪ੍ਰਸ਼ਾਦਿ ਸਤਿਗੁਰੂ ਜੀ ਪਰਵਾਨ ਕਰਦੇ ਹਨ ਤਾਂ ਕਿਤੇ ਜਾ ਕੇ ਉਹ ਪਰਸ਼ਾਦਿ ਗੁਰਸਿਖਾਂ ਦੇ ਰਸਨੀ ਲਾਇਕ ਹੁੰਦਾ ਹੈ।

ਕਿਉਂਕਿ ਅਖੰਡ ਪਾਠ ਸਮੇਂ ਸਤਿਗੁਰੂ ਜੀ ਹਾਜ਼ਰ ਨਾਜ਼ਰ ਹੋ ਕੇ ਗੁਰਬਾਣੀ ਸਰਵਣ ਕਰਦੇ ਹਨ, ਇਸ ਲਈ ਪਾਠ

ਸਮੇਂ ਮਿੱਟੀ ਦੇ ਤੇਲ ਦੀ ਲੈਂਪ, ਦੀਵਾ ਜਾਂ ਕੋਈ ਇਹੋ ਜਿਹੀ ਚੀਜ਼ ਨਾ ਬਾਲੀ ਜਾਵੇ ਜਿਸ ਤੋਂ ਪਾਤਸ਼ਾਹ ਦੀ ਹਜ਼ੂਰੀ ਵਿਚ ਬਦ-ਬੂ ਆਵੇ। ਅਖੰਡ ਪਾਠ ਸਮੇਂ ਮਹਾਰਾਜ ਦੀ ਹਜ਼ੂਰੀ ਵਿਚ ਧੂਪ ਜਾਂ ਅਗਰਬਤੀ ਧੁਖਦੀ ਰਹੇ ਤਾਂ ਚੰਗਾ ਹੈ। ਇਸ ਤਰ੍ਹਾਂ ਆਪ ਨੇ ਆਪਣੇ ਸੰਗੀਆਂ ਨੂੰ ਪ੍ਰਸ਼ਾਦਿ ਅਤੇ ਅਖੰਡ ਪਾਠ ਦੀ ਮਰਯਾਦਾ ਸਬੰਧੀ ਸੂਚਿਤ ਕੀਤਾ।

# ੪.

## ਗੁਰਸਿਖਾਂ ਲਈ ਅੰਮ੍ਰਿਤ ਪਾਨ ਕਰਨਾ

ਭਾਈ ਸਾਹਿਬ ਜੀ ਦੇ ਹਿਰਦੇ ਅੰਦਰ ਸਤਿਗੁਰਾਂ ਦਾ 'ਤੇ ਗੁਰਬਾਣੀ ਦਾ ਪ੍ਰੇਮ ਠਾਠਾਂ ਮਾਰਦਾ ਸੀ। ਆਪ ਦੇ ਹਿਰਦੇ ਅੰਦਰ ਪੂਰਨ ਵਿਸ਼ਵਾਸ ਸੀ ਕਿ ਜੋ ਗੁਰਸਿਖ ਅੰਤਰ-ਆਤਮੇ ਸਤਿਗੁਰੂ ਨਾਲ ਮਿਲਣਾ ਚਾਹੁੰਦਾ ਹੈ, ਉਹ ਗੁਰਬਾਣੀ ਦਾ ਪਾਠ ਕਰੇ ਅਤੇ ਮਨ ਦੀ ਇਕਾਗਰਤਾ ਲਈ ਅਤੇ ਅਨੰਦ ਪ੍ਰਾਪਤ ਕਰਨ ਲਈ ਗੁਰਬਾਣੀ ਦਾ ਕੀਰਤਨ ਕਰੇ। ਗੁਰਬਾਣੀ ਦਾ ਕੀਰਤਨ ਕਰਨ ਵਾਲਾ ਅਤੇ ਸੁਨਣ ਵਾਲਾ ਗੁਰਸਿਖ ਮਾਈ ਭਾਈ 'ਜੀਵਨ - ਮੁਕਤ' ਹੋ ਜਾਂਦਾ ਹੈ, ਕਿਉਂਕਿ–

ਕੀਰਤਨ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ॥

ਇਸ ਮਹਾਂ ਵਾਕ ਅਨੁਸਾਰ ਕੀਰਤਨ ਨਾਲ ਹੀ ਮਹਾਂ ਅਨੰਦ ਪ੍ਰਾਪਤ ਹੁੰਦਾ ਹੈ। ਗੁਰਸਿਖਾਂ ਲਈ 'ਅਨੰਦ' ਕੇਵਲ ਸਤਿਗੁਰੂ ਦੇ ਮਿਲਾਪ ਨਾਲ ਹੀ ਹੋ ਸਕਦਾ ਹੈ, ਹੋਰ ਅਨੰਦ ਕੋਈ ਨਹੀਂ। ਜਿਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ—

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ ॥
ਸਤਿਗੁਰੂ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆ ॥

ਸੋ ਸਹਜਿ ਅਵਸਥਾ ਦੇ ਪ੍ਰਾਪਤ ਕਰਨ ਲਈ ਤੇ ਸਤਿਗੁਰਾਂ ਦੇ ਨਾਲ ਮਿਲਾਪ ਕਰਨ ਲਈ ਸ਼ਬਦ-ਕੀਰਤਨ ਕਰਨਾ ਬੜਾ ਜ਼ਰੂਰੀ ਹੈ। ਕੇਵਲ ਸ਼ਬਦ ਕੀਰਤਨ ਤੇ ਬਾਣੀ ਦਾ ਪਾਠ ਹੀ ਇਕ ਅਜਿਹਾ ਮਾਰਗ ਹੈ ਜੋ ਮਨੁਖ ਦੇ ਹਿਰਦੇ ਅੰਦਰੋਂ ਮੈਲ ਗਵਾਉਂਦਾ ਹੈ ਅਤੇ ਸਤਿਗੁਰਾਂ ਦੇ ਪਰਤੱਖ ਦਰਸ਼ਨ ਹੋ ਸਕਦੇ ਹਨ।

ਇਸ ਤੋਂ ਬਿਨਾਂ ਆਪ ਦਾ ਪੂਰਨ ਵਿਸ਼ਵਾਸ ਸੀ ਕਿ ਅੰਮ੍ਰਿਤ ਪਾਨ ਕਰਨ ਤੋਂ ਬਿਨਾਂ ਕੋਈ ਵੀ ਗੁਰਸਿਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੱਚਾ ਸਪੂਤ ਨਹੀਂ ਬਣ ਸਕਦਾ। ਸ੍ਰੀ ਦਸਮੇਸ਼ ਪਿਤਾ ਜੀ ਦੀ ਆਤਮਕ ਜੋਤ ਹਿਰਦੇ ਅੰਦਰ ਜਗੌਣ

ਲਈ ਜ਼ਰੂਰੀ ਹੈ ਕਿ ਗੁਰਸਿਖ ਨਾਮ ਦਾ ਰਸੀਆ ਹੋਵੇ ਅਤੇ ਖੰਡੇ ਦੀ ਪਾਹੁਲ ਛਕੇ । ਜੋ ਗੁਰਸਿਖ ਕੇਸਾਂ ਧਾਰੀ ਹੈ, ਰਹਿਤ ਰਖਦਾ ਹੈ ਤੇ ਬਾਣੀ ਦਾ ਪਾਠ ਕਰਦਾ ਹੈ, ਪਰ ਉਸ ਨੇ ਜੇ ਅੰਮ੍ਰਿਤ ਪਾਨ ਨਹੀਂ ਕੀਤਾ ਤਾਂ ਉਹ 'ਖਾਲਸਾ' ਨਹੀਂ ਹੋ ਸਕਦਾ । 'ਖਾਲਸਾ' ਬਣਨ ਲਈ ਇਹ ਜ਼ਰੂਰੀ ਹੈ ਕਿ ਹਿਰਦੇ ਅੰਦਰੋਂ ਹਰ ਪ੍ਰਕਾਰ ਦਾ ਭਰਮ ਦੂਰ ਕਰੇ, ਜ਼ਾਤ ਪਾਤ ਛੂਤ ਛਾਤ, ਭਿੰਨ ਭੇਤ ਵਿਤਕਰੇ ਦੂਰ ਕਰ ਕੇ ਇਕ 'ਖਾਲਸਾ'ਬਰਾਦਰੀ ਵਿਚ ਆਉਣ ਲਈ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਹੈ । ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਪਰਾਪਤ ਕਰਨ ਲਈ ਉਹਨਾਂ ਦੇ ਸਪੂਤ ਅਖਵਾਉਣ ਲਈ, ਅਤੇ ਸਤਿਗੁਰੂ ਦਾ ਰੂਪ ਬਣਨ ਲਈ ਇਹ ਇਕ ਸ਼ਰਤ ਹੈ ਕਿ ਗੁਰੂ ਰੂਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਪੂਰਨ ਗੁਰਸਿਖ ਬਣਿਆ ਜਾਵੇ ।

ਆਪ ਇਹ ਵੀ ਵਿਸ਼ਵਾਸ ਰਖਦੇ ਸਨ ਕਿ ਪੰਜ ਪਿਆਰੇ ਜਿਨ੍ਹਾਂ ਕੋਲੋਂ ਅੰਮ੍ਰਿਤ ਛਕਿਆ ਜਾਵੇ, ਉਹ ਵੀ ਪੂਰਨ ਗੁਰ-ਸਿਖ ਨਾਮ ਦੇ ਰਸੀਏ, ਉਚ ਆਚਰਣ ਵਾਲੇ ਆਤਮਕ ਤੌਰ ਤੇ ਸਤਿਗੁਰਾਂ ਨਾਲ ਅਭੇਦ ਹੋ ਚੁਕੇ, ਜਿਨ੍ਹਾਂ ਦੇ ਹਿਰਦੇ ਅੰਦਰ 'ਪੂਰਨ ਜੋਤ' ਜਗ ਚੁਕੀ ਹੋਵੇ, ਉਨ੍ਹਾਂ ਮਹਾਨ ਪੁਰਖਾਂ ਕੋਲੋਂ ਹੀ ਅੰਮ੍ਰਿਤ ਪਾਨ ਕੀਤਾ ਜਾਵੇ । ਕਿਉਂਕਿ ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਦਾ ਜਿਸ ਤਰ੍ਹਾਂ ਦਾ ਆਚਰਣ ਤੇ ਜੀਵਨ ਹੋਵੇਗਾ, ਉਹਨਾਂ ਦੇ ਕਰ ਕੰਵਲਾਂ ਤੋਂ ਅੰਮ੍ਰਿਤ ਛਕਣ ਵਾਲੇ ਗੁਰਸਿਖਾਂ ਦੇ ਜੀਵਨ ਤੇ ਆਚਰਣ ਉਤੇ ਵੀ ਉਸੇ ਤਰ੍ਹਾਂ

ਦਾ ਹੀ ਅਸਰ ਹੋਵੇਗਾ । ਗੁਰਸਿਖ ਅਤੇ ਖਾਲਸਾ ਬਣਨਾ ਕੋਈ ਸੌਖਾ ਕੰਮ ਨਹੀਂ । ਇਸ ਸੰਸਾਰ ਵਿਚ ਰਹਿੰਦਿਆਂ ਸੰਸਾਰਕ ਜੀਵਾਂ ਤੋਂ 'ਨਿਆਰਾ' ਆਦਰਸ਼ਕ ਜੀਵਨ ਵਾਲਾ ਬਣਿਆ ਜਾਵੇ ਤਦ ਹੀ ਖਾਲਸਾ ਅਸਲ ਅਰਥਾਂ ਵਿਚ ਖਾਲਸਾ ਬਣ ਸਕਦਾ ਹੈ । ਸੋ ਖਾਲਸਾ ਬਣਨ ਲਈ ਆਪਾ ਵਾਰਨਾ ਪੈਂਦਾ ਹੈ, ਇਹ ਜੀਵਨ ਫਿਰ ਆਪਣਾ ਨਹੀਂ ਰਹਿੰਦਾ ਸਗੋਂ ਸਤਿਗੁਰਾਂ ਦਾ ਹੋ ਜਾਂਦਾ ਹੈ । ਜਿਸ ਵਿਚੋਂ ਕੂੜ, ਕਪਟ, ਈਰਖਾ ਵੈਰ ਵਿਰੋਧ ਦੀ ਮੈਲ ਅਤੇ ਕਾਮ—ਆਦਿਕ ਵਿਸ਼ਿਆਂ ਦੀ ਚੇਸ਼ਟਾ ਆਪਣੇ ਆਪ ਹੀ ਖਤਮ ਹੋ ਜਾਂਦੀ ਹੈ ਤੇ ਅੰਮ੍ਰਿਤਧਾਰੀ ਖਾਲਸਾ ਸ੍ਰੀ ਦਸਮੇਸ਼ ਜੀ ਦੇ ਫੁਰਮਾਨ ਅਨੁਸਾਰ ਗੁਰੂ ਕਲਗੀਧਰ ਜੀ ਦਾ ਰੂਪ ਹੋ ਜਾਂਦਾ ਹੈ । ਸ੍ਰੀ ਦਸਮੇਸ਼ ਪਿਤਾ ਜੀ ਆਪਣੇ ਖਾਲਸੇ ਦੇ ਹਿਰਦੇ ਅੰਦਰ ਅਤੇ ਅੰਗ ਸੰਗ ਵਸਦੇ ਹਨ ਅਤੇ ਖਾਲਸਾ ਸਦਾ ਚੜ੍ਹਦੀਆਂ ਕਲਾ ਵਿਚ ਰਹਿੰਦਾ ਹੈ ।

ਇਸ ਆਦਰਸ਼ ਅਨੁਸਾਰ ਆਪ ਨੇ ਜੋ ਪੰਜਾਂ ਪਿਆਰਿਆਂ ਦਾ ਜਥਾ ਬਣਾਇਆ ਹੋਇਆ ਸੀ, ਉਹਨਾਂ ਦੇ ਪੰਜਾਂ ਪਿਆਰਿਆਂ ਦੇ ਜਥੇ ਵਿਚ ਆਮ ਕਰਕੇ ਉਹੋ ਮਹਾਂ ਪੁਰਖ ਹੁੰਦੇ ਸਨ ਜੋ ਪੂਰਨ ਤੌਰ ਤੇ ਰਹਿਤ ਮਰਯਾਦਾ ਵਿਚ ਪਕੇ ਤੇ ਆਚਰਣ ਵਿਚ ਗੁਰੂ ਦਾ ਰੂਪ ਹੀ ਹੁੰਦੇ ਸਨ—ਜਿਹਾ ਕਿ ਬਾਬਾ ਖੜਕ ਸਿੰਘ ਜੀ,ਅਕਾਲੀ ਕੌਰ ਸਿੰਘ ਜੀ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਵਸਾਖਾ ਸਿੰਘ ਜੀ

ਸੰਤ ਸਿਪਾਹੀ ਕਿਸ਼ਨ ਪੁਰਾ, ਨਿਹੰਗ ਟਹਿਲ ਸਿੰਘ ਜੀ ਆਦਿ।

ਆਪ ਜੀ ਦੇ ਹਿਰਦੇ ਅੰਦਰ ਸਤਿਗੁਰਾਂ ਦੇ ਹੁਕਮ ਦੀ ਐਨੀ ਸ਼ਰਧਾ ਸੀ ਕਿ ਆਪ ਪੰਜਾਂ ਪਿਆਰਿਆਂ ਵਿਚ ਸਾਖਸ਼ਾਤ ਸਾਹਿਬ ਸ੍ਰੀ ਦਸਮੇਸ਼ ਪਿਤਾ ਜੀ ਦੇ ਦਰਸ਼ਨ ਕਰਦੇ ਸਨ ਤੇ ਪੰਜਾਂ ਪਿਆਰਿਆਂ ਦਾ ਹੁਕਮ ਰਬੀ ਹੁਕਮ ਸਮਝਕੇ ਉਸ ਅਨੁਸਾਰ ਚਲਣ ਦਾ ਯਤਨ ਕਰਦੇ ਸਨ। ਇਸ ਤੋਂ ਬਿਨਾਂ ਆਪ ਗੁਰੂ ਪੰਥ ਦਾ ਹੁਕਮ ਗੁਰੂ ਦਾ ਹੁਕਮ ਮੰਨ ਕੇ ਉਸ ਅਗੇ ਸਿਰ ਨਿਵਾਉਂਦੇ ਸਨ। ਜੋ ਵੀ ਹੁਕਮ ਸ੍ਰੀ ਅਕਾਲ ਤਖਤ ਤੋਂ ਜਾਰੀ ਹੁੰਦੇ, ਆਪ ਉਹਨਾਂ ਨੂੰ ਸਿਰ ਮਥੇ ਪਰਵਾਨ ਕਰਦੇ।

ਆਪ ਆਮ ਕਰਕੇ ਪੰਚ ਖੰਡ (ਭਸੌੜ) ਵਿਚ ਜਾਂਦੇ ਰਹਿੰਦੇ ਸਨ ਤੇ ਉਥੇ ਜਾ ਕੇ ਕੀਰਤਨ ਕਰਦੇ ਰਹਿੰਦੇ ਸਨ। ਜਦੋਂ ਬਾਬੂ ਤੇਜਾ ਸਿੰਘ ਜੀ ਨੇ ਗੁਰਬਾਣੀ ਦਾ ਪਦ ਛੇਦ ਕਰਕੇ ਭਗਤਾਂ ਦੀ ਬਾਣੀ ਵੱਖ ਕਰਕੇ ਪੋਥੀਆਂ ਤਿਆਰ ਕੀਤੀਆਂ ਤਾਂ ਇਸ ਅਪਰਾਧ ਵਿਚ ਉਹਨਾਂ ਨੂੰ ਗੁਰੂ ਪੰਥ ਵਿਚੋਂ ਖਾਰਜ ਕਰਨ ਦਾ ਹੁਕਮਨਾਮਾ ਜਾਰੀ ਹੋ ਗਿਆ, ਤਾਂ ਆਪ ਨੇ ਵੀ ਗੁਰੂ ਪੰਥ ਦਾ ਹੁਕਮ ਪਰਵਾਨ ਕੀਤਾ। ਇਕ ਵਾਰੀ ਦੀ ਗਲ ਹੈ ਕਿ ਅਕਤੂਬਰ ੧੯੩੦ ਵਿਚ ਬਾਬੂ ਤੇਜਾ ਸਿੰਘ ਜੀ ਭਸੌੜ ਤੋਂ ਆਪ ਨੂੰ ਮਿਲਣ ਲਈ ਨਾਰੰਗਵਾਲ ਆਏ। ਜਦੋਂ ਇਕ ਗੁਰਮੁਖ ਨੇ ਆ ਤੇ ਆਪ ਨੂੰ ਸੁਨੇਹਾ ਦਿਤਾ ਕਿ ਬਾਬੂ

ਤੇਜਾ ਸਿੰਘ ਜੀ ਆਪ ਨੂੰ ਮਿਲਣ ਆਏ ਹਨ ਤਾਂ ਆਪ ਨੇ ਮਿਲਣ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਜਦ ਤਕ ਇਕ ਕੇਸਾਧਾਰੀ ਸਿਖ ਪੰਥ ਦੇ ਹੁਕਮ ਅਨੁਸਾਰ ਜੀਵਨ ਬਤੀਤ ਨਹੀਂ ਕਰਦਾ ਅਤੇ ਆਪਣੀ ਗਲਤੀ ਦੀ ਭੁਲ ਨਹੀਂ ਬਖਸ਼ਾਉਂਦਾ ਉਹ ਦੰਭੀ ਤੇ ਪਾਖੰਡੀ ਹੈ। ਗੁਰੂ ਪੰਥ ਵਿਚ ਦੰਭੀ ਤੇ ਪਾਖੰਡੀ ਲਈ ਕੋਈ ਥਾਂ ਨਹੀਂ। ਸੋ ਜਦ ਤਕ ਬਾਬੂ ਤੇਜਾ ਸਿੰਘ ਜੀ ਆਪਣੀ ਗਲਤੀ ਦੀ ਭੁਲ ਨਹੀਂ ਬਖਸ਼ਾਉਂਦੇ, ਅਸੀਂ ਇਕ ਗੁਰਸਿਖ ਦੇ ਨਾਤੇ ਉਹਨਾਂ ਨਾਲ ਗਲ ਕਰਨ ਲਈ ਤਿਆਰ ਨਹੀਂ।

ਸੋ ਆਪ ਦਾ ਆਦਰਸ਼ਕ ਜੀਵਨ ਗੁਰਸਿਖਾਂ ਲਈ ਇਕ ਚਾਨਣ-ਮੁਨਾਰੇ ਵਾਂਗ ਰੌਸ਼ਨੀ ਕਰ ਰਿਹਾ ਹੈ ਕਿ ਅਸੀਂ ਕੇਵਲ ਕਹਿਣ-ਮਾਤਰ ਇਕ ਅਖੌਤੀ ਖਾਲਸੇ ਨਾ ਬਣੀਏ ਅਤੇ ਨਾ ਹੀ ਦੰਭੀ ਤੇ ਪਾਖੰਡੀ ਦਿਖਾਵੇ ਦੇ ਕੇਸਾਧਾਰੀ ਸਿੰਘ ਬਣੀਏ, ਸਗੋਂ ਅਸੀਂ ਉਚ ਆਚਰਣ ਵਾਲੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਸਤਿਗੁਰਾਂ ਕੋਲੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਉਚੇ, ਸੁਚੇ ਤੇ ਆਦਰਸ਼ਕ ਜੀਵਨ ਵਾਲੇ, ਗੁਰਬਾਣੀ ਨੂੰ ਜੀਵਨ ਅਧਾਰ ਮੰਨਣ ਵਾਲੇ ਜੀਵਨ-ਮੁਕਤ ਸੰਤ ਸਿਪਾਹੀ ਬਣਨ ਦਾ ਯਤਨ ਕਰੀਏ।

# ੫.

## ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ ॥੧॥

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਬਚਪਨ ਤੋਂ ਹੀ ਬੜਾ ਬਚਿਤਰ ਸੀ। ਆਪ ਇਕ ਮਹਾਨ ਸਾਹਿਤਕਾਰ ਵਾਂਗ ਕੁਦਰਤ ਦੀ ਸੁੰਦਰਤਾ ਵੇਖ ਕੇ ਵਿਗਸਦੇ, ਮਸਤ ਹੁੰਦੇ ਅਤੇ ਕੁਦਰਤ ਦੀ ਸੁੰਦਰਤਾ ਦੇਖ ਦੇਖ ਕੇ ਬਲਿਹਾਰ ਜਾਂਦੇ। ਅਜੇ ਆਪ ਨੌਂ ਬਰਸਾਂ ਦੇ ਹੀ ਸਨ, ਜਦੋਂ ਆਪ ਆਪਣੇ ਪਿੰਡੋਂ ਚਲ ਕੇ ਨਾਭੇ ਪੜ੍ਹਨ ਜਾਇਆ ਕਰਦੇ ਸਨ। ਰਸਤੇ ਵਿਚ ਮਹਾਰਾਜਾ ਸਾਹਿਬ ਨਾਭਾ ਦਾ ਬਾਗ਼ ਸੀ, ਜਿਸ ਵਿਚ ਬੜੇ ਬੜੇ ਸੁੰਦਰ ਫੁੱਲਾਂ ਦੇ ਬੂਟੇ ਲਗੇ ਹੋਏ ਸਨ। ਇਕ ਦਿਨ ਜਦੋਂ ਆਪ ਉਸ ਬਾਗ ਵਿਚੋਂ ਲੰਘ

ਰਹੇ ਸਨ ਕਿ ਭਾਈ ਸਾਹਿਬ ਦੀ ਨਜ਼ਰ ਇਕ ਫੁਲ ਉਤੇ ਪਈ ਅਤੇ ਆਪ ਉਸ ਨੂੰ ਦੇਖਣ ਵਾਸਤੇ ਕਿੰਨਾ ਹੀ ਚਿਰ ਖਲੋਤੇ ਰਹੇ। ਆਪ ਇਸ ਫੁਲ ਨੂੰ ਦੇਖ ਦੇਖ ਇਸ ਤਰ੍ਹਾਂ ਮਸਤ ਹੋ ਰਹੇ ਸਨ ਜਿਵੇਂ ਇਕ ਪਰੇਮੀ ਆਪਣੇ ਪ੍ਰੀਤਮ ਨੂੰ ਦੇਖ ਦੇਖਕੇ ਆਤਮ ਰਸ ਮਾਣਦਾ ਹੈ।

ਹੁਣ ਆਪ ਦਾ ਇਹ ਨਿਤਨੇਮ ਹੋ ਗਿਆ ਕਿ ਆਪ ਜਦੋਂ ਵੀ ਸਕੂਲ ਜਾਂਦੇ ਜਾਂ ਸਕੂਲੋਂ ਆਉਂਦੇ, ਅੱਧਾ ਅੱਧਾ ਘੰਟਾ ਇਸ ਫੁਲ ਵਲ ਵੇਖਦੇ ਰਹਿੰਦੇ ਅਤੇ ਕਈ ਵਾਰੀ ਅੱਖਾਂ ਬੰਦ ਕਰਕੇ ਕਿਸੇ ਪ੍ਰੇਮ ਰੰਗ ਵਿਚ ਮਸਤ ਹੋ ਜਾਂਦੇ। ਪਿੰਡ ਦੇ ਦੂਸਰੇ ਮੁੰਡੇ ਇਨ੍ਹਾਂ ਦੀ ਇਹ ਹਾਲਤ ਦੇਖ ਕੇ ਕਈ ਵਾਰ ਇਨ੍ਹਾਂ ਨੂੰ'ਪਾਗਲ' ਵੀ ਕਹਿ ਦਿੰਦੇ,ਪਰ ਆਪ ਕਿਸੇ ਦੀ ਕੋਈ ਪ੍ਰਵਾਹ ਨਾ ਕਰਦੇ। ਇਕ ਵਾਰੀ ਇਕ ਮੁੰਡੇ ਨੇ ਇਹਨਾਂ ਦਾ ਅਜਿਹਾ ਪਰੇਮ ਦੇਖ ਕੇ ਸ਼ਰਾਰਤ ਕੀਤੀ ਤੇ ਇਹਨਾਂ ਤੋਂ ਚੋਰੀ ਉਹ ਫੁੱਲ ਤੋੜ ਕੇ ਲੈ ਗਿਆ। ਜਦੋਂ ਆਪ ਆਏ, ਦੇਖਿਆ ਕਿ ਉਹ ਫੁੱਲ ਉਸ ਟਾਹਣੀ ਨਾਲ ਨਹੀਂ ਸੀ। ਆਪ ਦੀਆਂ ਅੱਖਾਂ ਵਿਚ ਜਲ ਭਰ ਆਇਆ ਤੇ ਬੇਹੋਸ਼ ਹੋ ਕੇ ਡਿਗ ਪਏ।

ਇਸ ਸਮੇਂ ਮਹਾਰਾਜਾ ਸਾਹਿਬ ਮਹਾਰਾਜ ਹੀਰਾ ਸਿੰਘ ਜੀ ਬਾਗ ਦੀ ਸੈਰ ਕਰ ਰਹੇ ਸਨ। ਮਾਲੀ ਨੇ ਭਾਈ ਸਾਹਿਬ ਜੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਚੁਕਿਆ ਤੇ ਇਕ ਬੈਂਚ ਉਤੇ ਲਿਟਾ ਦਿਤਾ। ਮੂੰਹ ਤੇ ਪਾਣੀ ਦੇ ਛਿੱਟੇ ਮਾਰੇ, ਕੋਈ ਅੱਧੇ ਕੁ ਘੰਟੇ ਮਗਰੋਂ ਹੋਸ਼ ਆਈ। ਮਾਲੀ ਨੇ ਸਾਰੀ ਵਾਰਤਾ ਮਹਾਰਾਜਾ

ਸਾਹਿਬ ਨੂੰ ਸੁਣਾਈ ਕਿ ਇਸ ਬਾਲਕ ਦਾ ਇਕ ਫੁੱਲ ਨਾਲ ਪ੍ਰੇਮ ਸੀ, ਉਹ ਕਿਸੇ ਲੜਕੇ ਨੇ ਸ਼ਰਾਰਤ ਨਾਲ ਤੋੜ ਲਿਆ ਹੈ, ਜਿਸ ਕਰਕੇ ਇਸ ਦੀ ਇਹ ਹਾਲਤ ਹੋ ਗਈ ਹੈ। ਜਦੋਂ ਆਪ ਨੂੰ ਹੋਸ਼ ਆਈ, ਮਹਾਰਾਜਾ ਸਾਹਿਬ ਨੇ ਪਿਆਰ ਕੀਤਾ ਅਤੇ ਕਿਹਾ ਕਿ ਕਾਕਾ ! ਇਕ ਫੁੱਲ ਕੀ ਅਸੀਂ ਤੇਰੇ ਲਈ ਇਨ੍ਹਾਂ ਫੁਲਾਂ ਦਾ ਬਾਗ ਲੁਆ ਦੇਵਾਂਗੇ ।' ਇਹ ਸ਼ਬਦ ਸੁਣ ਕੇ ਭਾਈ ਸਾਹਿਬ ਦੇ ਮੂੰਹੋਂ ਨਿਕਲਿਆ, 'ਹਾਇ ! ਉਹ ਫੁਲ' ਅਤੇ ਆਪ ਫਿਰ ਬੇਹੋਸ਼ ਹੋ ਗਏ। ਮਹਾਰਾਜਾ ਸਾਹਿਬ ਨੇ ਇਹਨਾਂ ਨੂੰ ਫਿਰ ਹੋਸ਼ ਵਿਚ ਲਿਆਂਦਾ,ਦੁਧ ਪਿਲਾਇਆ,ਪਿਆਰ ਕੀਤਾ ਤੇ ਮਾਲੀ ਦੇ ਨਾਲ ਇਹਨਾਂ ਦੇ ਘਰ ਭੇਜ ਦਿਤਾ। ਆਪ ਇਸ ਫੁਲ ਦੇ ਵਿਯੋਗ ਵਿਚ ਤਿੰਨ ਦਿਨ ਇਸ ਤਰ੍ਹਾਂ ਨਿਢਾਲ ਰਹੇ ਜਿਵੇਂ ਆਪ ਦਾ ਕੋਈ ਪਰਮ ਮਿੱਤਰ ਵਿਛੋੜਾ ਦੇ ਗਿਆ ਹੋਵੇ।

ਮੈਂ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ॥ ਰਹਾਉ ॥

ਜਦੋਂ ਭਾਈ ਸਾਹਿਬ ਜੀ ਨੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਤਾਂ ਆਪ ਦੇ ਪਿਤਾ ਜੀ ਨੇ ਜੋ ਹਾਈ ਕੋਰਟ ਨਾਭਾ ਦੇ ਇਕ ਜੱਜ ਸਨ ਤੇ ਗੁਰਬਾਣੀ ਦੇ ਬੜੇ ਪ੍ਰੇਮੀ ਸਨ, ਇਨ੍ਹਾਂ ਨੂੰ ਉਚ ਵਿਦਿਆ ਪ੍ਰਾਪਤੀ ਲਈ ਲਾਹੌਰ ਭੇਜ ਦਿਤਾ। ਇਨ੍ਹਾਂ ਦਿਨਾਂ ਵਿਚ ਲਾਹੌਰ ਨਵੀਆਂ ਨਵੀਆਂ ਧਾਰਮਿਕ ਵਿਚਾਰ ਧਾਰਾ ਅਤੇ ਧਾਰਮਿਕ ਸੰਸਥਾਵਾਂ ਦਾ ਕੇਂਦਰ ਬਣਿਆਂ ਹੋਇਆ ਸੀ। ਆਪ ਮਿਸ਼ਨ ਕਾਲਜ ਵਿਚ ਪੜ੍ਹਦੇ ਸਨ, ਜਿਸ ਕਰ ਕੇ ਆਪ ਨੂੰ 'ਬਾਈਬਲ' [ਈਸਾਈ ਮੱਤ ਦੀ ਧਾਰਮਿਕ

ਪੁਸਤਕ ਅੰਜੀਲ) ਜ਼ਰੂਰ ਹੀ ਪੜ੍ਹਨੀ ਪੈਂਦੀ ਸੀ। ਇਹ ਵੇਖ ਕੇ ਆਪ ਜੀ ਦੇ ਪਿਤਾ ਸ: ਨਥਾ ਸਿੰਘ ਜੀ ਨੇ ਇਹਨਾਂ ਨੂੰ ਲਿਖ ਭੇਜਿਆ ਕਿ ਜੇ ਆਪ ਇਮਤਿਹਾਨ ਵਿਚੋਂ ਪਾਸ ਹੋਣਾ ਚਾਹੁੰਦੇ ਹਨ ਤਾਂ ਆਪ ਜਪੁਜੀ ਸਾਹਿਬ ਦਾ ਪਾਠ ਸ਼ਰਧਾ ਤੇ ਪਰੇਮ ਨਾਲ ਹਰ ਰੋਜ਼ ਕਰਿਆ ਕਰਨ। ਪਿਤਾ ਜੀ ਦੀ ਇਸ ਸੂਚਨਾ ਨੇ ਇਹਨਾਂ ਦੇ ਹਿਰਦੇ ਅੰਦਰ ਗੁਰਬਾਣੀ ਦਾ ਇਸ਼ਕ ਪੈਦਾ ਕਰ ਦਿਤਾ ਤੇ ਗੁਰਬਾਣੀ ਇਨ੍ਹਾਂ ਲਈ ਜੀਵਨ ਅਧਾਰ ਬਣ ਗਈ।

ਭਾਵੇਂ ਕਾਲਜ ਵਿਚ ਪੜ੍ਹਦਿਆਂ ਅੰਜੀਲ ਇਨ੍ਹਾਂ ਨੂੰ ਹਰ ਰੋਜ਼ ਪੜ੍ਹਨੀ ਪੈਂਦੀ ਸੀ ਤੇ ਈਸਾਈ ਪਾਦਰੀ ਹਰ ਰੋਜ਼ ਹਜ਼ਰਤ ਈਸਾ ਸਹਿਬ ਦੇ ਮਹਾਨ ਜੀਵਨ ਵਿਚੋਂ ਉਹਨਾਂ ਦੇ ਚਰਿਤਰ ਸੁਣਾਇਆ ਕਰਦਾ ਸੀ,ਪਰ ਇਨ੍ਹਾਂ ਦੇ ਹਿਰਦੇ ਅੰਦਰ ਗੁਰਬਾਣੀ ਦਾ ਪਿਆਰ ਦਿਨੋ ਦਿਨ ਵਧਦਾ ਗਿਆ। ਆਪ ਅੰਜੀਲ ਵੀ ਬੜੇ ਪਿਆਰ ਨਾਲ ਪੜ੍ਹਦੇ ਤੇ ਹਜ਼ਰਤ ਈਸਾ ਦਾ ਦਿਲੋਂ ਸਤਿਕਾਰ ਕਰਦੇ, ਨਾਲ ਹੀ ਇਸ ਸਮੇਂ ਲਾਹੌਰ ਵਿਚ ਥੀਓਸੌਫੀਕਲ ਸੁਸਾਇਟੀ ਦੇ ਲੈਕਚਰ ਹੁੰਦੇ ਅਤੇ ਉਹ ਵੀ ਮਨੁਖਤਾ ਦੇ ਪਰੇਮ ਸਬੰਧੀ ਕਈ ਪ੍ਰਕਾਰ ਦੇ ਭਾਸ਼ਣ ਦੇਂਦੇ। ਇਹਨਾਂ ਵਖ ਵਖ ਮੱਤਾਂ ਦਾ ਐਨਾ ਪ੍ਰਚਾਰ ਹੁੰਦਿਆਂ ਹੋਇਆਂ ਵੀ ਆਪ ਦੇ ਹਿਰਦੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤੇ ਗੁਰਬਾਣੀ ਦਾ ਅਥਾਹ ਪਰੇਮ ਸੀ। ਆਪ ਦਾ ਇਹ ਨਿਤ ਕਰਮ ਹੀ ਹੋ ਚੁਕਾ ਸੀ ਕਿ ਆਪ ਅੰਮ੍ਰਿਤ ਵੇਲੇ ਅਸ਼ਨਾਨ

ਕਰਦੇ ਅਤੇ ਬੜੀ ਸ਼ਰਧਾ ਤੇ ਪਿਆਰ ਨਾਲ ਗੁਰਬਾਣੀ ਦਾ ਪਾਠ ਕਰਦੇ । ਸੁਤੇ ਹੀ ਆਪ ਦੇ ਕੋਮਲ ਹਿਰਦੇ ਅੰਦਰ ਗੁਰਬਾਣੀ ਦਾ ਇਸ਼ਕ ਦਿਨੋ ਦਿਨ ਵਧਣ ਲਗਾ ਤੇ ਆਪ ਦੇ ਦਿਲ ਉਤੇ ਵੈਰਾਗ ਦੀ ਅਵਸਥਾ ਛਾਈ ਜਾਣ ਲਗ ਪਈ।

ਸੰਨ ੧੯੦੦ ਈਸਵੀ ਵਿਚ ਬੀ. ਏ. ਪਾਸ ਕਰਨ ਮਗਰੋਂ ਆਪ ਨਾਭੇ ਆ ਗਏ। ਆਪ ਦੇ ਪਿਤਾ ਜੀ ਨੇ ਆਪ ਨੂੰ ਤਸੀਲਦਾਰ ਲਗਵਾ ਲਿਆ। ਇਸ ਸਮੇਂ ਇਲਾਕੇ ਵਿਚ ਪਲੇਗ ਦਾ ਖਤਰਾ ਪੈਦਾ ਹੋ ਰਿਹਾ ਸੀ,ਜਿਸ ਕਰਕੇ ਆਪ ਇਕ ਅੰਗਰੇਜ਼ ਮੈਡੀਕਲ ਅਫਸਰ ਮਿਸਟਰ ਫਿਸ਼ਰ ਨਾਲ ਡਿਊਟੀ ਪੁਰ ਲਗੇ। ਇਕ ਦਿਨ ਆਪ ਡਾਟਟਰ ਫਿਸ਼ਰ ਤੇ ਇਕ ਹੋਰ ਈਸਾਈ ਡਾਕਟਰ ਡਾਬ ਨਾਲ ਗੁਰਬਾਣੀ ਤੇ ਬੁਤ-ਪ੍ਰਸਤੀ ਸਬੰਧੀ ਵਿਚਾਰ ਚਲ ਪਈ। ਇਨ੍ਹਾਂ ਦੋਹਾਂ ਡਾਕਟ੍ਰਾਂ ਨਾਲ ਸਿਖ ਧਰਮ ਸਬੰਧੀ ਕਈ ਪਰਕਾਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਇਹਨਾਂ ਨੇ ਪ੍ਰਸ਼ਨ ਕੀਤਾ ਕਿ ਕੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਨਹੀਂ ? ਇਸ ਬਾਰੇ ਭਾਈ ਸਾਹਿਬ ਜੀ ਨੇ ਬੜੀਆਂ ਅਮੋਲਕ ਦਲੀਲਾਂ ਦੇ ਕੇ ਉਹਨਾਂ ਈਸਾਈ ਡਾਕਟਰਾਂ ਦੀ ਤਸੱਲੀ ਕਰਵਾ ਦਿਤੀ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਪੂਜਾ ਗੁਰ - ਸ਼ਬਦ ਤੇ ਸ਼ਬਦ - ਬ੍ਰਹਮ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਹੈ !

ਆਪ ਦੇ ਹਿਰਦੇ ਅੰਦਰ ਗੁਰਸਿਖੀ ਤੇ ਗੁਰਬਾਣੀ ਦਾ ਇਸ਼ਕ ਦਿਨੋ ਦਿਨ ਵਧਦਾ ਗਿਆ। ਆਪ ਨੇ ਸੰਨ ੧੯੦੩

ਵਿਚ ੧੪ ਜੂਨ ਦੇ ਸ਼ੁਭ ਦਿਹਾੜੇ ਪਿੰਡ ਬਕਾਪੁਰ ਤਹਿ-ਸੀਲ ਫਲੌਰ ਦੇ ਇਕ ਧਾਰਮਿਕ ਦੀਵਾਨ ਵਿਚ ਅੰਮ੍ਰਿਤ ਪਾਨ ਕੀਤਾ । ਇਸ ਸਮੇਂ ਇਸ ਇਲਾਕੇ ਦੇ ਇਕ ਮੌਲਵੀ ਕਰੀਮ ਬਖਸ਼ ਤੇ ਉਸ ਦੇ ਸਾਰੇ ਪ੍ਰਵਾਰ ਨੇ ਵੀ ਅੰਮ੍ਰਿਤ ਛਕਿਆ ਸੀ ਤੇ ਉਹ ਸਿੰਘ ਸਜ ਗਏ ਸਨ । ਅੰਮ੍ਰਿਤ ਛਕਣ ਤੋਂ ਉਪਰੰਤ ਆਪ ਦਾ ਜੀਵਨ ਹੀ ਬਦਲ ਗਿਆ ਤੇ ਗੁਰਬਾਣੀ ਦਾ ਪ੍ਰੇਮ ਰੋਮ ਰੋਮ ਵਿਚ ਰਚਦਾ ਚਲਾ ਗਿਆ। ਸੰਨ ੧੯੦੫ ਵਿਚ ਆਪ ਐਬਟਾਬਾਦ ਦੇ ਇਕ ਸਰਕਾਰੀ ਦਫਤਰ ਦੇ ਹੈੱਡ ਕਲਰਕ ਵੀ ਰਹੇ, ਪਰ ਛੇਤੀ ਹੀ ਨੌਕਰੀ ਛੱਡ ਕੇ ਸੰਨ ੧੯੦੭ ਵਿਚ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਆ ਗਏ ਅਤੇ ਹੋਸਟਲ ਦੇ ਸੁਪ੍ਰਿੰਟੈਂਡੰਟ ਬਣਾਏ ਗਏ । ਖਾਲਸਾ ਕਾਲਜ ਵਿਚ ਰਹਿੰਦਿਆਂ ਹੀ ਆਪ ਨੇ ਗੁਰਬਾਣੀ ਦਾ ਕੀਰਤਨ ਸਿਖਿਆ । ਸੰਨ ੧੯੦੮ ਵਿਚ ਆਪ ਦਮਦਮੇ ਸਾਹਿਬ ਚਲੇ ਗਏ। ਇਥੇ ਗੁਰਸਿਖਾਂ ਦਾ ਭਾਰਾ ਦੀਵਾਨ ਸਜਿਆ ਅਤੇ ਪੰਚ ਖਾਲਸਾ ਦੀਵਾਨ ਸਥਾਪਤ ਕੀਤਾ ਗਿਆ। ਪੰਚ ਖਾਲਸਾ ਦੀਵਾਨ ਅਤੇ ਪੰਚ ਖੰਡ ਇਹ ਦੋਵੇਂ ਨਾਂ ਆਪ ਜੀ ਨੇ ਹੀ ਤਜਵੀਜ਼ ਕੀਤੇ ਸਨ। ਕੁਝ ਸਮੇਂ ਮਗਰੋਂ ਪੰਚ ਖਾਲਸਾ ਦੀਵਾਨ ਦੇ ਬਾਬੂ ਤੇਜਾ ਸਿੰਘ ਜੀ ਨਾਲ ਮਤਭੇਦ ਹੋ ਜਾਣ ਕਰਕੇ ਆਪ ਆ ਗਏ।

ਇਸ ਸਮੇਂ ਆਪ ਦੇ ਹਿਰਦੇ ਅੰਦਰ ਗੁਰਦੁਆਰਿਆਂ ਦੇ ਦਰਸ਼ਨਾਂ ਦੀ ਲਾਲਸਾ ਪੈਦਾ ਹੋਈ। ਗੁਰਬਾਣੀ ਦਾ ਪ੍ਰੇਮ

ਹਿਰਦੇ ਅੰਦਰ ਇਸ ਤਰ੍ਹਾਂ ਜਾਗਿਆ ਕਿ ਆਪ ਨੇ ਇਸ ਸਮੇਂ ਇਕ ਛੋਟੀ ਜਿਹੀ ਪੁਸਤਕ 'ਕੀ ਗੁਰੂ ਗਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ' ਲਿਖੀ ਜੋ ਸੰਨ ੧੯੧੦ ਵਿਚ ਪ੍ਰਕਾਸ਼ਤ ਹੋਈ। ਇਸ ਪੁਸਤਕ ਨੇ ਗੁਰਸਿਖਾਂ ਦੇ ਹਿਰਦਿਆਂ ਵਿਚੋਂ ਕਈ ਪ੍ਰਕਾਰ ਦੇ ਭਰਮ ਦੂਰ ਕਰ ਦਿਤੇ। ਹੁਣ ਭਾਈ ਸਾਹਿਬ ਜੀ ਦਾ ਜੀਵਨ ਗੁਰਬਾਣੀ ਦੇ ਕੀਰਤਨ ਵਲ ਵਧੇਰੇ ਖਿਚਿਆ ਗਿਆ।

## ੬.

# ਭਾਈ ਸਾਹਿਬ ਜੀ ਦਾ ਰਾਜਸੀ ਜੀਵਨ

ਭਾਈ ਸਾਹਿਬ ਜੀ ਦਾ ਜੀਵਨ ਹਰ ਪੱਖ ਤੋਂ ਇਕ ਪਵਿੱਤ੍ਰ ਜੀਵਨ ਵਾਲੇ ਗੁਰਸਿਖ ਵਾਲਾ ਸੀ, ਜੋ ਕਿ ਅਸਲ ਰੂਪ ਵਿਚ ਇਕ ਸਚੇ ਤੇ ਸੁਚੇ ਜੀਵਨ ਵਾਲੇ ਸੰਤ ਸਿਪਾਹੀ ਸਨ। ੧੯੦੯ ਵਿਚ ਆਪ ਨੇ ਗੁਰਦਵਾਰਿਆਂ ਦੇ ਦਰਸ਼ਨ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੂਰਨ ਮਰਯਾਦਾ ਅਨੁਸਾਰ ਅਖੰਡ ਪਾਠਾਂ ਅਤੇ ਗੁਰਬਾਣੀ ਦੇ ਅਖੰਡ ਕੀਰਤਨ ਲਈ ਆਪਣਾ ਜੀਵਨ ਅਰਪਨ ਕਰ ਦਿਤਾ ਅਤੇ ਆਪ ਜੀ ਦਾ ਇਹ ਪ੍ਰੋਗਰਾਮ ਸੰਨ ੧੯੧੪ ਤਕ ਬਾਕਾਇਦਾ ਜਾਰੀ ਰਿਹਾ। ਆਪ ਜਿਸ ਗੁਰਦਵਾਰੇ ਦੇ ਦਰਸ਼ਨ ਲਈ ਜਾਂਦੇ, ਓਥੇ ਜਾ ਕੇ ਰੈਨ ਸਬਾਈ

ਅਖੰਡ ਕੀਰਤਨ ਕਰਦੇ ਅਤੇ ਗੁਰਬਾਣੀ ਦੇ ਪ੍ਰੇਮੀਆਂ ਨੂੰ ਆਪਣੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਦੇ। ਕਈਆਂ ਗੁਰਧਾਮਾਂ ਦੀ ਯਾਤਰਾ ਸਮੇਂ ਆਪ ਤਿੰਨ ਤਿੰਨ ਚਾਰ ਚਾਰ ਦਿਨ ਇਕ ਥਾਂ ਰਹਿ ਕੇ ਉਥੇ ਅਖੰਡ ਪਾਠਾਂ ਦਾ ਸਿਲਸਿਲਾ ਜਾਰੀ ਕਰਦੇ, ਜਿਸ ਵਿਚ ਆਮ ਗੁਰਸਿਖ ਮਾਈ ਭਾਈ ਸ਼ਰਧਾ ਤੇ ਪਰੇਮ ਪੂਰਬਕ ਹਿਸਾ ਲੈਂਦੇ। ਜਦੋਂ ਆਪ ਆਪਣੇ ਪਿੰਡ ਵਿਚ ਆਉਂਦੇ ਤਾਂ ਆਪ ਖਾਲਸਾ ਹਾਈ ਸਕੂਲ ਲੁਧਿਆਣੇ ਦੇ ਸਪਤਾਹਕ ਦੀਵਾਨ ਵਿਚ ਜਾ ਕੇ ਜ਼ਰੂਰ ਹਿੱਸਾ ਲੈਂਦੇ ਅਤੇ ਪਰੇਮ ਪੂਰਬਕ ਕੀਰਤਨ ਕਰਦੇ। ਆਪ ਨੇ ਇਹ ਅਸੂਲ ਬਣਾ ਲਿਆ ਸੀ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਲੁਧਿਆਣੇ ਵਿਚ ਹੀ ਮਨਾਉਂਦੇ ਇਨ੍ਹਾਂ ਗੁਰਪੁਰਬਾਂ ਦੇ ਖਾਸ ਦੀਵਾਨਾਂ ਵਿਚ ਜਦੋਂ ਆਪ ਕੀਰਤਨ ਕਰਦੇ ਤਾਂ ਦੂਰ ਦੂਰ ਤੋਂ ਹਜ਼ਾਰਾਂ ਗੁਰਮੁਖ ਪਿਆਰੇ ਆਪ ਦਾ ਕੀਰਤਨ ਸੁਣਨ ਲਈ ਆਉਂਦੇ ਅਤੇ ਆਤਮਕ ਅਨੰਦ ਪ੍ਰਾਪਤ ਕਰਦੇ। ਆਪ ਨੇ ਕਈਆਂ ਅਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਮਗਰੋਂ ਅੰਮ੍ਰਿਤ ਪਰਚਾਰ ਕੀਤਾ ਤੇ ਹਜ਼ਾਰਾਂ ਨੌਜਵਾਨਾਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਸੰਤ ਸਿਪਾਹੀ ਬਣਾਇਆ। ਆਪ ਦੇ ਪਵਿਤਰ ਕਰ ਕੰਵਲਾਂ ਤੋਂ ਅੰਮ੍ਰਿਤ ਪਾਨ ਕਰਨ ਵਾਲੇ ਗੁਰਮੁਖ ਨੌਜਵਾਨ ਪੂਰਨ ਗੁਰਸਿਖੀ ਦਾ ਜੀਵਨ ਬਤੀਤ ਕਰਦੇ ਹੋਏ ਆਤਮਕ ਆਨੰਦ ਮਾਣ ਰਹੇ ਹਨ।

ਜਿਸ ਤਰ੍ਹਾਂ ਸਾਹਿਬ ਸ੍ਰੀ ਦਸਮੇਸ਼ ਪਿਤਾ ਜੀ ਨੇ ਸਮੇਂ

ਦੀ ਹਕੂਮਤ ਦੇ ਅਤਿਆਚਾਰਾਂ ਦੇ ਵਿਰੁਧ ਖੁਲ੍ਹਮ ਖੁਲ੍ਹੀ ਬਗਾਵਤ ਕਰਕੇ ਜ਼ਾਲਮ ਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ ਸਨ ਅਤੇ ਆਪਣੇ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਤੇ ਲੱਖਾਂ ਸਿੰਘਾਂ ਨੂੰ ਦੇਸ਼ ਦੀ ਆਜ਼ਾਦੀ ਲਈ ਅਤੇ ਦੇਸ ਵਿਚੋਂ ਜ਼ੁਲਮ ਤੇ ਅੱਤਿਆਚਾਰ ਮਿਟਾਉਣ ਲਈ ਅੱਖਾਂ ਸਾਹਮਣੇ ਕੁਰਬਾਨ ਕੀਤਾ, ਇਸੇ ਤਰ੍ਹਾਂ ਸਾਹਿਬ ਦਸਮੇਸ਼ ਪਿਤਾ ਜੀ ਦੇ ਪਰਮ ਪਿਆਰੇ ਸੰਤ ਸਿਪਾਹੀ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਤੇ ਅਤਿਆਚਾਰਾਂ ਦੇ ਵਿਰੁਧ ਪੂਰਨ ਦ੍ਰਿੜ੍ਹਤਾ ਨਾਲ ਮੈਦਾਨ ਵਿਚ ਨਿੱਤਰੇ। ਦੇਸ਼ ਤੇ ਪੰਥ ਦੀ ਆਜ਼ਾਦੀ ਲਈ ਆਪ ਨੇ ਕਈ ਤਰ੍ਹਾਂ ਦੇ ਤਸੀਹੇ ਝਲੇ ਅਤੇ ਵਕਤ ਦੀ ਹਕੂਮਤ ਨੂੰ ਇਹ ਦਸ ਦਿਤਾ ਕਿ ਖਾਲਸੇ ਵਿਚ ਉਹ ਮਹਾਨ ਸ਼ਕਤੀ ਹੈ ਕਿ ਖਾਲਸੇ ਦੇ ਸਾਹ-ਮਣੇ ਜੋ ਅੜੇ ਸੋ ਝੜੇ ਜੋ ਸ਼ਰਨ ਪੜੇ ਸੋ ਤਰੇ।

ਸੰਨ ੧੯੧੪ ਵਿਚ ਸਰਕਾਰ ਅੰਗਰੇਜ਼ੀ ਨੇ ਖਾਲਸੇ ਨੂੰ ਜਾਣ ਬੁਝ ਕੇ ਛੇੜਿਆ। ਗੁਰਦਵਾਰਾ ਰਕਾਬ ਗੰਜ, ਜੋ ਪਾਰਲੀਮੈਂਟ ਦੇ ਕੋਲ ਇਕ ਪਰਸਿੱਧ ਇਤਿਹਾਸਕ ਗੁਰਦਵਾਰਾ ਹੈ, ਸਰਕਾਰ ਅੰਗਰੇਜ਼ੀ ਨੇ ਪਾਰਲੀਮੈਂਟ ਦੇ ਨਾਲ ਲਗਦੀ ਇਮਾਰਤ ਦੀ ਕੰਧ ਸਿਧੀ ਕਰਨ ਲਈ ਇਸ ਗੁਰਦਵਾਰੇ ਦੀ ਬਾਹਰਲੀ ਕੰਧ ਢੁਹਾ ਦਿਤੀ। ੩੦ ਮਈ ੧੯੧੪ ਨੂੰ ਖਾਲਸਾ ਜੀ ਦਾ ਇਕ ਖਾਸ ਦੀਵਾਨ ਲੰਡੇ ਮੰਡੀ ਲਾਹੌਰ ਵਿਚ ਹੋਇਆ, ਜਿਸ ਵਿਚ ਪੰਥਕ ਹਿਤੈਸ਼ੀਆਂ ਨੇ ਸਰਕਾਰ ਦੇ ਵਿਰੁਧ ਰੋਸ ਪਰਗਟ ਕੀਤਾ ਅਤੇ ਪੰਥ ਦੇ ਮੁਖੀਆਂ ਨੇ ਬੜੀਆਂ ਧੜੱਲੇਦਾਰ

ਸਪੀਚਾਂ ਕੀਤੀਆਂ । ਇਸ ਵੇਲੇ ਸਾਰੇ ਗੁਰਸਿਖਾਂ ਦੇ ਦਿਲਾਂ ਅੰਦਰ ਕ੍ਰੋਧ ਦੀ ਅੱਗ ਭੜਕ ਉਠੀ ਸੀ। ਭਾਈ ਸਾਹਿਬ ਜੀ ਨੇ ਵੀ ਇਸ ਸਮਾਗਮ ਵਿਚ ਬੜਾ ਵਧ ਚੜ੍ਹ ਕੇ ਹਿੱਸਾ ਲਿਆ।

ਇਹ ਉਹ ਸਮਾਂ ਸੀ, ਜਦੋਂ ਹਜ਼ਾਰਾਂ ਪੰਜਾਬੀ ਸਿਖ ਅਮਰੀਕਾ ਤੇ ਕੈਨੇਡਾ ਤੋਂ ਇਸ ਲਈ ਵਾਪਸ ਭਾਰਤ ਪੁਜ ਚੁਕੇ ਸਨ ਕਿ ਭਾਰਤੀ ਨੌਜਵਾਨਾਂ ਨੂੰ ਜਥੇਬੰਦ ਕਰਕੇ ਅੰਗਰੇਜ਼ਾਂ ਦੇ ਵਿਰੁਧ ਗਦਰ ਕਰਵਾ ਦਿਤਾ ਜਾਵੇ । ਇਹ ਗੁਰਮੁਖ ਪਿਆਰੇ ਗਦਰ ਪਾਰਟੀ ਦੇ ਮੈਂਬਰ ਸਨ ਅਤੇ ਪਿੰਡਾਂ ਵਿਚ ਫਿਰ ਫਿਰ ਕੇ ਆਮ ਜਨਤਾ ਦੇ ਵਿਚ ਅੰਗਰੇਜ਼ੀ ਸਰਕਾਰ ਦੇ ਵਿਰੁਧ ਜਜ਼ਬਾ ਪੈਦਾ ਕਰ ਰਹੇ ਸਨ। ਇਹਨਾਂ ਗੁਰਮੁਖ ਪਿਆਰਿਆਂ ਵਿਚੋਂ ਬਾਬਾ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲਾ ਫੀਰੋਜ਼ਪੁਰ, ਭਾਈ ਗਾਂਧਾ ਸਿੰਘ ਜ਼ਿਲਾ ਫੀਰੋਜ਼ਪੁਰ, ਭਾਈ ਈਸ਼ਰ ਸਿੰਘ ਜੀ ਪਿੰਡ ਢੁੱਡੀਕੇ ਜ਼ਿਲਾ ਫੀਰੋਜ਼ਪੁਰ, ਭਾਈ ਉਤਮ ਸਿੰਘ ਜੀ ਪਿੰਡ ਹਾਂਸ ਜ਼ਿਲਾ ਲੁਧਿਆਣਾ ਅਤੇ ਸ੍ਰਦਾਰ ਕਰਤਾਰ ਸਿੰਘ 'ਸਰਾਭਾ' ਆਦਿਕ ਦੇਸ਼ ਭਗਤ ਤੇ ਗਦਰ ਪਾਰਟੀ ਦੇ ਮੁਖੀਏ ਭਾਈ ਸਾਹਿਬ ਜੀ ਨੂੰ ਆ ਆ ਕੇ ਮਿਲਦੇ ਅਤੇ ਕਈ ਪਰਕਾਰ ਦੀਆਂ ਸਲਾਹਵਾਂ ਕਰਦੇ। ਸਰਕਾਰ ਅੰਗਰੇਜ਼ੀ ਦੇ ਕਰਮਚਾਰੀਆਂ ਨੇ ਇਹਨਾਂ ਦੇਸ਼ ਭਗਤਾਂ ਦੇ ਵਿਰੁਧ ਸਾਰੇ ਪੰਜਾਬ ਵਿਚ ਜ਼ਹਿਰੀਲਾ ਪਰਚਾਰ ਕਰਵਾਇਆ ਹੋਇਆ ਸੀ, ਜਿਸ ਕਰਕੇ ਬਹੁਤ ਸਾਰੇ ਗੁਰਸਿਖ ਵੀ ਇਹਨਾਂ ਮਹਾਂ ਪੁਰਖਾਂ ਨਾਲ ਗੱਲ ਕਰਨ ਤੋਂ ਵੀ ਭੈ ਖਾਂਦੇ ਹਨ ਅਤੇ

ਇਹਨਾਂ ਨਾਲ ਮੇਲ ਜੋਲ ਰਖਣਾ ਬੁਰਾ ਸਮਝਦੇ ਸਨ।

ਇਹਨਾਂ ਦੇਸ਼ ਭਗਤਾਂ ਨੂੰ ਭਾਈ ਸਾਹਿਬ ਜੀ ਕੋਲ ਆਉਂਦਿਆਂ ਦੇਖ ਕੇ ਇਕ ਵਾਰੀ ਇਕ ਸਿੰਘ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਇਹ ਲੋਕ ਬੜੇ ਖਤਰਨਾਕ ਹਨ, ਗ਼ਦਰ ਪਾਰਟੀ ਦੇ ਮੈਂਬਰ ਹਨ, ਕਰਮਚਾਰੀ ਇਹਨਾਂ ਨੂੰ ਬਹੁਤ ਬੁਰੇ ਖਿਆਲ ਕਰਦੇ ਹਨ ਅਤੇ ਇਹਨਾਂ ਨਾਲ ਮੇਲ ਜੋਲ ਰਖਣ ਵਾਲਿਆਂ ਨੂੰ ਵੀ ਇਹਨਾਂ ਦੇ ਸਾਥੀ ਖਿਆਲ ਕਰ ਕੇ ਉਹਨਾਂ ਉਤੇ ਕਰੜੀ ਨਿਗਰਾਨੀ ਰਖਣ ਲਗ ਪਏ ਹਨ। ਇਸ ਲਈ ਆਪ ਇਸ ਗਲ ਦਾ ਖਿਆਲ ਰਖੋ ਕਿ ਆਪ ਨਾਮ ਬਾਣੀ ਦੇ ਰਸੀਏ, ਗੁਰੂ ਘਰ ਦੇ ਸੇਵਕ ਅਤੇ ਗੁਰਬਾਣੀ ਦੀ ਕਥਾ ਕੀਰ-ਤਨ ਕਰਨ ਵਾਲੇ ਹੋ, ਆਪ ਇਹੋ ਜਹੇ ਬੰਦਿਆਂ ਨੂੰ ਮੂੰਹ ਹੀ ਨਾ ਲਾਓ, ਨਹੀਂ ਤੇ ਸਰਕਾਰ ਆਪ ਨੂੰ ਵੀ ਇਹਨਾਂ ਦੇ ਸਾਥੀ ਆਖਣ ਲਗ ਪਵੇਗੀ।

ਉਸ ਗੁਰਮੁਖ ਪਿਆਰੇ ਦੇ ਇਹ ਬਚਨ ਸੁਣ ਕੇ ਭਾਈ ਸਾਹਿਬ ਮੁਸਕਰਾਏ ਅਤੇ ਹਸ ਕੇ ਕਹਿਣ ਲਗੇ ਕਿ ਖਾਲਸਾ ਕਿਸੇ ਕੋਲੋਂ ਵੀ ਭੈ ਨਹੀਂ ਖਾਂਦਾ। ਖਾਲਸਾ ਦੇਸ਼ ਤੇ ਕੌਮ ਦਾ ਸੇਵਕ ਹੈ, ਮਨੁਖਤਾ ਦਾ ਰਾਖਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਾ ਬਲੀਦਾਨ ਕਰਨ ਤੋਂ ਪਹਿਲਾਂ ਇਹ ਫੁਰਮਾਇਆ ਸੀ ਕਿ—

ਭੈ ਕਾਹੂ ਕਉ ਦੇਤੁ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ ॥

ਸੋ ਖਾਲਸਾ ਨਿਰਭੈ ਸਤਿਗੁਰੂ ਦਾ ਸਪੂਤ ਹੈ, ਨਾ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਕਿਸੇ ਦਾ ਭੈ ਖਾਂਦਾ ਹੈ। ਦੇਸ਼, ਕੌਮ ਤੇ ਦੁਖੀ ਗਰੀਬਾਂ ਦੀ ਸਹਾਇਤਾ ਲਈ ਕੁਰਬਾਨ ਹੋਣ ਵਾਸ਼ਤੇ ਹਰ ਵੇਲੇ ਕਮਰ ਕਸਾ ਸਜਾਈ ਰਖਦਾ ਹੈ। ਇਹ ਠੀਕ ਹੈ ਕਿ ਅਜ ਸਾਡੇ ਦੇਸ਼ ਵਾਸੀ ਗੁਲਾਮੀ ਦੇ ਸੰਗਲਾਂ ਵਿਚ ਜਕੜੇ ਹੋਏ ਹਨ ਅਤੇ ਆਪਣੀ ਜ਼ਮੀਰ ਵੇਚ ਚੁਕੇ ਹਨ, ਜਿਸ ਕਰਕੇ ਇਸ ਜ਼ਾਲਮ ਹਕੂਮਤ ਕੋਲੋਂ ਭੈ ਖਾਂਦੇ ਹਨ ਤੇ ਇਹੋ ਜਹੇ ਦੇਸ਼ ਭਗਤਾਂ ਨੂੰ ਸ਼ੱਕੀ ਨਜ਼ਰ ਨਾਲ ਦੇਖਦੇ ਹਨ। ਪਰ ਇਹ ਯਾਦ ਰਖੋ ਕਿ ਇਹ ਉਹ ਸੰਤ ਸਿਪਾਹੀ ਹਨ, ਜਿਨ੍ਹਾਂ ਨੇ ਹੱਸ ਹੱਸ ਕੇ ਜਾਨਾਂ ਵਾਰਨੀਆਂ ਹਨ ਅਤੇ ਫਾਂਸੀ ਦੇ ਤਖਤਿਆਂ ਤੇ ਜਾ ਚੜ੍ਹਨਾ ਹੈ। ਕਦੀ ਇਹ ਦੇਸ ਇਸ ਜ਼ਾਲਮ ਹਕੂਮਤ ਦੇ ਹਥੋਂ ਜ਼ਰੂਰ ਹੀ ਆਜ਼ਾਦ ਹੋ ਕੇ ਰਹੇਗਾ ਤੇ ਸਾਡੇ ਦੇਸ਼ ਵਾਸੀ ਇਹਨਾਂ ਮਹਾਂਪੁਰਖਾਂ ਦੇ ਜੀਵਨ ਪੜ੍ਹ ਕੇ ਇਹਨਾਂ ਨੂੰ ਯਾਦ ਕਰਿਆ ਕਰਨਗੇ। ਇਹਨਾਂ ਦੇਸ ਭਗਤਾਂ ਦੀਆਂ ਯਾਦਗਾਰਾਂ ਬਨਣਗੀਆਂ, ਜਿਥੇ ਇਹਨਾਂ ਦਾ ਜਸ ਗਾਇਆ ਜਾਇਆ ਕਰੇਗਾ। ਇਹ ਗੁਰਮੁਖ ਪਿਆਰੇ ਇਸੇ ਤਰ੍ਹਾਂ ਸਾਨੂੰ ਮਿਲਦੇ ਰਹਿਣਗੇ ਅਤੇ ਅਸੀਂ ਵੀ ਇਹਨਾਂ ਨੂੰ ਇਸੇ ਤਰ੍ਹਾਂ ਮਿਲਦੇ ਰਹਾਂਗੇ ਤੇ ਇਹਨਾਂ ਦੀ ਯੋਗ ਸਹਾਇਤਾ ਕਰਨ ਲਈ ਗੁਰ-ਸਿਖਾਂ ਨੂੰ ਪ੍ਰੇਰਣਾ ਕਰਦੇ ਰਹਾਂਗੇ।

ਏਧਰ ਤੇ ਇਹ ਗੁਰਦਵਾਰਾ ਸ੍ਰੀ ਰਕਾਬ ਗੰਜ ਦੀ ਕੰਧ ਢਾਹੇ ਜਾਣ ਦਾ ਮਸਲਾ ਗੁਰਸਿਖਾਂ ਅੰਦਰ ਭੜਕ ਰਿਹਾ ਸੀ

ਤੇ ਦੂਜੇ ਪਾਸੇ ਇਹ ਗਦਰ ਪਾਰਟੀ ਦੇ ਮੈਂਬਰ ਸਰਕਾਰ ਅੰਗਰੇਜ਼ੀ ਦੇ ਵਿਰੁਧ ਪਰਚਾਰ ਕਰਕੇ ਲੋਕਾਂ ਅੰਦਰ ਦੇਸ਼ ਪਿਆਰ ਦਾ ਜਜ਼ਬਾ ਭੜਕਾ ਰਹੇ ਸਨ। ਜਦੋਂ ਲਾਹੌਰ ਲੰਡੇ ਮੰਡੀ ਵਿਚ ਖਾਲਸਾ ਜੀ ਦਾ ਬੜਾ ਭਾਰਾ ਦੀਵਾਨ ਸਜਿਆ ਤਾਂ ਭਾਈ ਸਾਹਿਬ ਜੀ ਨੇ ਇਕ ਭਾਸ਼ਣ ਦਿੱਤਾ, ਜਿਸ ਵਿਚ ਗਦਰ ਪਾਰਟੀ ਦੇ ਮੈਂਬਰਾਂ ਦੀ ਦੁਖ ਭਰੀ ਵਿਥਿਆ ਸੁਣਾਈ, ਉਹਨਾਂ ਦੀ ਕੁਰਬਾਨੀ ਦੀ ਸਪਿਰਟ ਅਤੇ ਦੇਸ਼ ਦੀ ਆਜ਼ਾਦੀ ਲਈ ਭੜਕ ਰਿਹਾ ਜਜ਼ਬਾ ਦਸਿਆ ਅਤੇ ਨਾਲ ਹੀ ਆਮ ਗੁਰਸਿਖਾਂ ਵਿਚ ਰਕਾਬ ਗੰਜ ਦੀ ਕੰਧ ਢਾਹੇ ਜਾਣ ਦਾ ਜ਼ਿਕਰ ਕਰਦਿਆਂ ਲੋਕਾਂ ਅੰਦਰ ਉਤਸ਼ਾਹ ਪੈਦਾ ਕਰਨ ਦਾ ਯਤਨ ਕਰਦੇ ਰਹੇ। ਜਦੋਂ ਭਾਈ ਸਾਹਿਬ ਜੀ ਨੇ ਦੇਖਿਆ ਕਿ ਸਰਕਾਰ ਸਿਖਾਂ ਉਤੇ ਕਈ ਪ੍ਰਕਾਰ ਦੇ ਜ਼ੁਲਮ ਕਰ ਰਹੀ ਹੈ ਅਤੇ ਗੁਰ-ਦਵਾਰਿਆਂ ਦੀ ਬੇਪਤੀ ਕਰ ਰਹੀ ਹੈ ਤਾਂ ਆਪ ਵੀ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ।

ਗਦਰ ਪਾਰਟੀ ਦੇ ਮੈਂਬਰਾਂ ਨੇ ਵਿਚੋਂ ਵਿਚ ਦੇਸ਼ ਅੰਦਰ ਅਜਿਹੀ ਜਾਗਰਤੀ ਲਿਆਂਦੀ ਕਿ ਪੰਜਾਬ ਦੇ ਹਿੰਦੂ, ਮੁਸਲਮਾਨ ਤੇ ਸਿਖ ਬਹੁ ਸੰਮਤੀ ਵਿਚ ਇਹਨਾਂ ਦੇ ਖਿਆਲਾਂ ਦੇ ਹੋ ਗਏ। ਗਦਰ ਪਾਰਟੀ ਨੇ ਪ੍ਰੋਗਰਾਮ ਬਣਾਇਆ ਕਿ ੧੯ ਫਰਵਰੀ ਸੰਨ ੧੯੧੫ ਨੂੰ ਸਾਰੇ ਦੇਸ਼ ਅੰਦਰ ਇਕ ਦਮ ਜ਼ਬਰਦਸਤ ਗਦਰ ਕੀਤਾ ਜਾਵੇ। ਇਸ ਖਿਆਲ ਨਾਲ ਭਾਈ ਸਾਹਿਬ ਜੀ ਆਪਣੇ ਕੀਰਤਨੀ ਜਥੇ ਸਮੇਤ ਫੀਰੋਜ਼ਪੁਰ ਛਾਉਣੀ ਗਏ ਤਾਂ

ਜੋ ਉਥੇ ਜਾ ਕੇ ਗੁਰਬਾਣੀ ਦਾ ਅਖੰਡ ਪਾਠ ਤੇ ਕੀਰਤਨ ਕੀਤਾ ਜਾਵੇ ਅਤੇ ਵਡੇ ਵਡੇ ਫੌਜੀ ਅਫਸਰਾਂ ਨੂੰ ਆਪਣੇ ਖਿਆਲਾਂ ਨਾਲ ਸਹਿਮਤ ਕਰਕੇ ਉਹਨਾਂ ਨੂੰ ਗਦਰ ਪਾਰਟੀ ਦੇ ਪ੍ਰੋਗਰਾਮ ਵਲੋਂ ਸੁਚੇਤ ਕੀਤਾ ਜਾਵੇ। ਇਸ ਦੇ ਨਾਲ ਹੀ ਇਹ ਸਕੀਮ ਬਣਾਈ ਗਈ ਸੀ ਕਿ ੨੬ ਨੰਬਰ ਦੀ ਪਲਟਨ ਨਾਲ ਰਲ ਕੇ ਫੀਰੋਜ਼ਪੁਰ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਜਾਵੇ। ਭਾਵੇਂ ਇਸ ਸਮੇਂ ਗਦਰ ਪਾਰਟੀ ਦੇ ਬਹੁਤ ਸਾਰੇ ਮੈਂਬਰ ਕਰਤਾਰ ਸਿੰਘ ਸਰਾਭਾ, ਭਾਰੀ ਉਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ, ਭਾਈ ਗਾਂਧਾ ਸਿੰਘ, ਭਾਈ ਰੰਗਾ ਸਿੰਘ, ਭਾਈ ਬੀਰ ਸਿੰਘ ਆਦਿ ਵੀ ਫੀਰੋਜ਼ਪੁਰ ਛਾਉਣੀ ਵਿਚ ਮੌਜੂਦ ਸਨ ਅਤੇ ਇਨ੍ਹਾਂ ਨੇ ਪ੍ਰੋਗਰਾਮ ਬਣਾਇਆ ਹੋਇਆ ਸੀ, ਪਰ ਬਦਕਿਸਮਤੀ ਨਾਲ ਇਕ ਸਰਕਾਰੀ ਸੂਹੀਆ ਕਿਰਪਾਲ ਸਿੰਘ ਇਹਨਾਂ ਦੀਆਂ ਕਾਰਵਾਈਆਂ ਅੰਗਰੇਜ਼ ਅਫਸਰਾਂ ਨੂੰ ਦਸਦਾ ਰਿਹਾ। ਸਰਕਾਰ ਨੇ ੨੬ ਨੰਬਰ ਪਲਟਨ ਇਕ ਦਮ ਤਬਦੀਲ ਕਰਕੇ ਬਿਹਾਰ ਵਲ ਭੇਜ ਦਿਤੀ ਅਤੇ ਗਦਰ ਪਾਰਟੀ ਦੇ ਮੈਂਬਰਾਂ ਦੀ ਗ੍ਰਿਫਤਾਰੀ ਦੇ ਵਾਰੰਟ ਕਢੇ ਗਏ। ਉਸ ਵੇਲੇ ਇਹ ਸਜਣ ਆਪਣੇ ਆਪਣੇ ਪਿੰਡਾਂ ਵਲ ਜਾਂ ਜਿਥੇ ਜਿਥੇ ਵੀ ਇਹਨਾਂ ਨੂੰ ਆਸਰਾ ਮਿਲ ਸਕਿਆ ਖਿੰਡ ਪੁੰਡ ਗਏ। ਪਰ ਦੇਸ਼'ਚੋਂ ਤਾਂ ਇਹ ਕਿਧਰ ਜਾ ਸਕਦੇ ਸਨ, ਨਾਲੇ ਭਾਈ ਸਾਹਿਬ ਜੀ ਵਰਗੇ ਨਾਮ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ ਸੰਤ ਸਿਪਾਹੀ ਤਾਂ ਅਗੇ ਹੀ ਨਿਰਭੈ ਸਨ, ਇਹਨਾਂ ਨੂੰ ਕਿਸੇ ਦਾ ਡਰ ਹੀ ਨਹੀਂ ਸੀ, ਆਪ

ਤਾਂ ਬਾਕਾਇਦਾ ਉਸੇ ਤਰ੍ਹਾਂ ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ ਰਹੇ ।

ਸਰਕਾਰ ਵਲੋਂ ਭਾਈ ਸਾਹਿਬ ਜੀ ਅਤੇ ਇਨ੍ਹਾਂ ਦੇ ਸਾਥੀਆਂ ਦੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਚੁਕੇ ਸਨ। ਆਪ ਕੀਰਤਨ ਕਰਕੇ ਬਾਹਰ ਵਿਚਰ ਰਹੇ ਸਨ ਕਿ ਨਾਭੇ ਦੀ ਪੁਲੀਸ ਨੇ ਆਪ ਨੂੰ ੯ ਮਈ ੧੯੧੫ ਨੂੰ ਗ੍ਰਿਫਤਾਰ ਕਰ ਲਿਆ। ਪਹਿਲਾਂ ਤਾਂ ਆਪ ਨੂੰ ਨਾਭਾ ਜੇਲ੍ਹ ਵਿਚ ਰਖਿਆ ਗਿਆ, ਪਰ ਸਵਾ ਮਹੀਨਾ ਮਗਰੋਂ ੧੭ ਜੂਨ ਨੂੰ ਲੁਧਿਆਣੇ ਲਿਆਂਦਾ ਗਿਆ। ਇਕ ਹਫਤਾ ਆਪ ਪੁਲੀਸ ਦੀ ਨਿਗਰਾਨੀ ਵਿਚ ਰਹੇ ਅੰਤ ੨੫ ਜੂਨ ਨੂੰ ਆਪ ਨੂੰ ਲੁਧਿਆਣਾ ਡਿਸਟ੍ਰਿਕਟ ਜੇਲ੍ਹ ਵਿਚ ਭੇਜ ਦਿਤਾ ਗਿਆ।

ਭਾਈ ਸਾਹਿਬ ਜੀ ਦਾ ਇਹ ਅਸੂਲ ਤਾਂ ਮੁਢ ਤੋਂ ਹੀ ਰਿਹਾ ਸੀ ਕਿ ਆਪ ਗੁਰਸਿਖਾਂ ਦੇ ਹਥੋਂ ਹੀ ਜਲ ਛਕਿਆ ਕਰਦੇ ਸਨ। ਜਦੋਂ ਆਪ ਨੂੰ ਗ੍ਰਿਫਤਾਰ ਕਰਕੇ ਲੁਧਿਆਣੇ ਦੀ ਹਵਾਲਾਤ ਵਿਚ ਲਿਆਂਦਾ ਗਿਆ ਤਾਂ ਉਸ ਸਮੇਂ ਆਪ ਭਾਈ ਅਤਰ ਸਿੰਘ ਕੋਲੋਂ ਜਲ ਛਕਿਆ ਕਰਦੇ ਸਨ। ਭਾਈ ਅਤਰ ਸਿੰਘ ਜੀ ਵੀ ਆਪ ਜੀ ਦੇ ਨਾਲ ਹੀ ਨਾਭੇ ਤੋਂ ਗ੍ਰਿਫਤਾਰ ਕਰਕੇ ਲਿਆਂਦੇ ਗਏ ਸਨ, ਜੋ ਪੂਰਨ ਗੁਰਸਿਖ ਅਤੇ ਨਿਤਨੇਮੀ ਸਨ। ਹਵਾਲਾਤ ਵਿਚ ਤਾਂ ਪੁਲਸ ਵਾਲਿਆਂ ਦੀ ਆਗਿਆ ਨਾਲ ਭਾਈ ਅਤਰ ਸਿੰਘ ਜੀ ਭਾਈ ਸਾਹਿਬ ਜੀ ਦੀ ਜਲ ਸੇਵਾ ਕਰਦੇ ਰਹੇ, ਪਰ ਜਦੋਂ ਆਪ ਜੀ ਨੂੰ

ਡਿਸਟ੍ਰਿਕਟ ਜੇਲ੍ਹ ਵਿਚ ਭੇਜ ਦਿਤਾ ਗਿਆ ਤਾਂ ਆਪ ਨੂੰ ਜਲ ਛਕਾਉਣ ਵਾਲਾ ਗੁਰਸਿਖ ਨਾ ਮਿਲਿਆ ਜਿਸ ਕਰਕੇ ਆਪ ਨੇ ਜਲ ਛਕਣਾ ਉਕਾ ਹੀ ਬੰਦ ਕਰ ਦਿਤਾ।

ਗਰਮੀਆਂ ਦੇ ਦਿਨ ਸਨ ਤੇ ਲੁਧਿਆਣਾ ਡਿਸਟ੍ਰਿਕਟ ਜੇਲ੍ਹ ਅੰਦਰ ਅਤਿ ਦਰਜੇ ਦੀ ਗਰਮੀ ਪੈ ਰਹੀ ਸੀ। ਇਕ ਸਾਤਾ ਬੀਤ ਗਿਆ ਭਾਈ ਸਾਹਿਬ ਜੀ ਨੇ ਜਲ ਨਾ ਛਕਿਆ। ਜੇਲ੍ਹ ਦੇ ਕਰਮਚਾਰੀਆਂ ਨੂੰ ਇਨ੍ਹਾਂ ਵਲ ਧਿਆਨ ਦੇਣਾ ਪਿਆ। ਉਸ ਸਮੇਂ ਜੇਲ੍ਹ ਦੇ ਸੁਪ੍ਰਿੰਟ ਲਾ: ਸ੍ਰੀ ਰਾਮ ਜੀ ਸਨ। ਆਪ ਦੀ ਇਹ ਹਾਲਤ ਤੇ ਆਪ ਦਾ ਪ੍ਰਣ ਦੇਖ ਕੇ ਜੇਲ੍ਹ ਦੇ ਕਰਮਚਾਰੀਆਂ ਨੇ ਆਪ ਨੂੰ ਜੇਲ੍ਹ ਦੇ ਖੂਹ ਤੋਂ ਆਪ ਨੂੰ ਜਲ ਛਕਣ ਦੀ ਖੁਲ੍ਹ ਦੇ ਦਿਤੀ। ਜੇਲ੍ਹ ਦੇ ਖੂਹ ਉਤੇ ਹਰਟ ਲੱਗਾ ਹੋਇਆ ਸੀ ਜੋ ਆਮ ਕਰਕੇ ਗਿੜਦਾ ਹੀ ਰਹਿੰਦਾ ਸੀ, ਸੋ ਭਾਈ ਸਾਹਿਬ ਆਪ ਜਾ ਕੇ ਹਰਟ ਤੋਂ ਪਾਣੀ ਭਰ ਲਿਆਉਂਦੇ ਅਤੇ ਆਪਣੇ ਛਕਣ ਲਈ ਰਖ ਛਡਦੇ। ਹੁਣ ਜੇਲ੍ਹ ਵਿਚ ਪ੍ਰਸ਼ਾਦਾ ਛਕਣ ਦਾ ਸਵਾਲ ਸੀ। ਪਹਿਲਾਂ ਤਾਂ ਇਕ ਗੁਰਸਿਖ ਆਪ ਲਈ ਪ੍ਰਸ਼ਾਦਾ ਤਿਆਰ ਕਰਦਾ, ਪਰ ਦੋ ਹਫਤਿਆਂ ਮਗਰੋਂ ਜੇਲ੍ਹ ਕਰਮਚਾਰੀਆਂ ਨੇ ਖੁਲ੍ਹ ਦੇ ਦਿਤੀ ਕਿ ਆਪ ਆਪਣੇ ਘਰੋਂ ਪ੍ਰਸ਼ਾਦੇ ਮੰਗਵਾ ਸਕਦੇ ਹਨ। ਇਸ ਆਗਿਆ ਅਨੁਸਾਰ ਹੁਣ ਆਪ ਦੇ ਘਰੋਂ ਪ੍ਰਸ਼ਾਦੇ ਆਉਣੇ ਸ਼ੁਰੂ ਹੋ ਗਏ।

ਆਪ ਚਾਰ ਮਹੀਨੇ ਇਸ ਜੇਲ ਵਿਚ ਰਹੇ। ਚਾਰ

ਮਹੀਨਿਆਂ ਮਗਰੋਂ ਇਕ ਸਾਜ਼ਸ਼ ਕੇਸ ਵਿਚ ਫੜੇ ਗਏ, ਸਾਰੇ ਸਿੰਘ ੨੭ ਅਕਤੂਬਰ ਸੰਨ ੧੯੧੫ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਭੇਜ ਦਿਤੇ ਗਏ। ਇਸ ਜੇਲ ਵਿਚ ਜਾ ਕੇ ਆਪ ਨੂੰ ਅੰਨ - ਜਲ ਦੀ ਫਿਰ ਉਹੋ ਔਕੜ ਝੱਲਣੀ ਪਈ। ਆਪ ਅਨਮਤੀਆਂ ਦੇ ਹਥੋਂ ਅੰਨ ਤੇ ਜਲ ਛਕਦੇ ਹੀ ਨਹੀਂ ਸਨ ਅਤੇ ਜੇਲ ਦੇ ਕਰਮਚਾਰੀ ਅਤੇ ਸੇਵਾਦਾਰ ਸਾਰੇ ਹੀ ਅਨ-ਮਤੀਏ ਸਨ, ਜਿਸ ਕਰ ਕੇ ਭਾਈ ਸਾਹਿਬ ਜੀ ਨੇ ਭੁਖ ਹੜਤਾਲ ਕਰ ਦਿਤੀ। ਅੰਤ ਤਿੰਨਾਂ ਦਿਨਾਂ ਮਗਰੋਂ ਆਪ ਨੂੰ ਆਗਿਆ ਮਿਲ ਗਈ ਕਿ ਆਪ ਜੇਲ੍ਹ ਦੇ ਖੂਹ ਦੇ ਹਰਟ ਤੋਂ ਆਪਣੇ ਲਈ ਜਲ ਭਰ ਲਿਆ ਕਰਨ। ਪ੍ਰਸ਼ਾਦਾ ਘਰੋਂ ਮੰਗਵਾ ਕੇ ਛਕਣ ਦੀ ਆਪ ਨੂੰ ਆਗਿਆ ਨਾ ਮਿਲੀ, ਜਿਸ ਕਰਕੇ ਆਪ ਨੇ ਭੁਖ ਹੜਤਾਲ ਜਾਰੀ ਰਖੀ।

ਅਜੇ ਆਪ ਕੈਦੀ ਨਹੀਂ ਸਨ, ਮੁਕੱਦਮਾ ਚਲ ਰਿਹਾ ਸੀ ਅਤੇ ਆਪ ਇਕ ਪ੍ਰਕਾਰ ਦੇ ਹਵਾਲਾਤੀ ਸਨ। ਕਾਨੂੰਨ ਇਸ ਗੱਲ ਦੀ ਆਗਿਆ ਦੇਂਦਾ ਹੈ ਕਿ ਹਵਾਲਾਤੀ ਆਪਣੇ ਘਰੋਂ ਰੋਟੀ ਮੰਗਵਾ ਕੇ ਖਾ ਸਕਦਾ ਹੈ। ਭਾਈ ਸਾਹਿਬ ਜੀ ਅਜੇ ਹਵਾਲਾਤੀ ਹੀ ਸਨ, ਪਰ ਆਪ ਨੂੰ ਘਰੋਂ ਰੋਟੀ ਮੰਗਵਾ ਕੇ ਛਕਣ ਦੀ ਆਗਿਆ ਨਾ ਦਿਤੀ ਗਈ। ਇਹਨੀਂ ਦਿਨੀਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਸਨ। ਜਦੋਂ ਗਵਰਨਰ ਨੂੰ ਇਸ ਗਲ ਦਾ ਪਤਾ ਲਗਾ ਤਾਂ ਭਾਈ ਸਾਹਿਬ ਜੀ ਨੂੰ ਬਾਹਰੋਂ ਜਲ ਆਦਿਕ ਮੰਗਵਾ ਕੇ

ਛਕਣ ਦੀ ਆਗਿਆ ਤਾਂ ਮਿਲ ਗਈ ਪਰ ਘਰੋਂ ਪ੍ਰਸ਼ਾਦੇ ਮੰਗਵਾਉਣ ਦੀ ਆਗਿਆ ਨਾ ਮਿਲੀ, ਜਿਸ ਕਰ ਕੇ ਆਪ ਨੇ ਜੇਲ੍ਹ ਦੀ ਰੋਟੀ ਖਾਣ ਤੋਂ ਇਨਕਾਰ ਕਰ ਦਿਤਾ। ਇਹ ਆਪ ਦੀ ਦੂਸਰੀ ਭੁਖ ਹੜਤਾਲ ਸੀ।

ਲਾਹੌਰ ਸੈਂਟਰਲ ਜੇਲ੍ਹ ਵਿਚ ਆਪ ਤੇ ਆਪ ਦੇ ਸਾਥੀਆਂ ਵਿਰੁਧ ੨੯ ਅਕਤੂਬਰ ਨੂੰ ਬਾਕਾਇਦਾ ਮੁਕੱਦਮਾ ਸ਼ੁਰੂ ਹੋ ਗਿਆ। ਇਹ ਮੁਕੱਦਮਾ ਛੀ ਮਹੀਨੇ ਚਲਦਾ ਰਿਹਾ। ਅੰਤ ੩੦ ਮਾਰਚ ਸੰਨ ੧੯੧੬ ਨੂੰ ਮੁਕਦਮੇ ਦਾ ਫੈਸਲਾ ਹੋਇਆ। ਭਾਈ ਸਾਹਿਬ ਜੀ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ ਅਤੇ ਨਾਲ ਹੀ ਆਪ ਦੀ ਜਾਇਦਾਦ ਦੀ ਜ਼ਬਤੀ ਦਾ ਹੁਕਮ ਹੋ ਗਿਆ। ਇਹ ਸਜ਼ਾ ਮਿਲਣ ਤੋਂ ਉਪ੍ਰੰਤ ਹੁਕਮ ਹੋਯਾ ਕਿ ਸਾਰੇ ਸਿੰਘ ਜੇਲ੍ਹ ਦੇ ਕੈਦੀਆਂ ਵਾਲੇ ਕਪੜੇ ਪਾਉਣ ਅਤੇ ਸਿਰਾਂ ਉਤੇ ਦਸਤਾਰਾਂ ਦੀ ਥਾਂ ਟੋਪੀਆਂ ਪਾਉਣ । ਸਿੰਘਾਂ ਨੇ ਜੇਲ੍ਹ ਦੇ ਕੈਦੀਆਂ ਦੇ ਕਪੜੇ ਤਾਂ ਪਹਿਣ ਲਏ ਪਰ ਟੋਪੀਆਂ ਨਾ ਪਹਿਨੀਆਂ ਤੇ ਸਿਰੋਂ ਨੰਗੇ ਹੀ ਰਹਿਣ ਲਗ ਪਏ। ਇਸ ਤਰ੍ਹਾਂ ਸਿਖ ਕੈਦੀਆਂ ਨੂੰ ੬ ਵਰ੍ਹੇ ਸਿਰੋਂ ਨੰਗਿਆਂ ਹੀ ਰਹਿਣਾ ਪਿਆ।

ਮਾਰਚ ਸੰਨ ੧੯੨੨ ਵਿਚ ਸ: ਸੁੰਦਰ ਸਿੰਘ ਮਜੀਠੀਏ ਪੰਜਾਬ ਦੀਆਂ ਜੇਲ੍ਹਾਂ ਦੇ ਇਨਚਾਰਜ ਮੁਕੱਰਰ ਹੋਏ। ਜਦੋਂ ਆਪ ਨੂੰ ਪਤਾ ਲਗਾ ਕਿ ਜੇਲ੍ਹਾਂ ਵਿਚ ਸਿਖ ਕੈਦੀ ਦਸਤਾਰਾਂ ਤੋਂ ਬਿਨਾਂ ਰਹਿ ਰਹੇ ਹਨ ਤਾਂ ਆਪ ਨੇ ਹੁਕਮ ਜਾਰੀ ਕੀਤਾ ਕਿ ਸਿਖ ਕੈਦੀਆਂ ਨੂੰ ਆਗਿਆ ਦਿਤੀ ਜਾਵੇ ਕਿ ਉਹ

ਦਸਤਾਰਾਂ ਬੰਨ੍ਹ ਸਕਣ। ਸੋ ਇਸ ਹੁਕਮ ਅਨੁਸਾਰ ਕਈਆਂ ਵਰ੍ਹਿਆਂ ਮਗਰੋਂ ਭਾਈ ਸਾਹਿਬ ਜੀ ਤੇ ਇਹਨਾਂ ਦੇ ਸਾਥੀਆਂ ਨੇ ਦਸਤਾਰਾਂ ਸਜਾਈਆਂ।

ਇਸ ਸਮੇਂ ਵਿਚ ਭਾਈ ਸਾਹਿਬ ਜੀ ਨੂੰ ੪ ਅਪਰੈਲ ਸੰਨ ੧੯੧੬ ਨੂੰ ਸੈਂਟਰਲ ਜੇਲ੍ਹ ਮੁਲਤਾਨ'ਚ ਭੇਜ ਦਿਤਾ ਗਿਆ ਸੀ, ਪਰ ਲਾਹੌਰ ਸੈਂਟਰਲ ਜੇਲ੍ਹ ਦਾ ਦਰੋਗਾ ਤਾਂ ਚੰਗਾ ਸੀ, ਪਰ ਸੈਂਟ੍ਰਲ ਜੇਲ ਮੁਲਤਾਨ ਦਾ ਦਰੋਗਾ ਸਦਾਨੰਦ ਬੜੇ ਬੁਰੇ ਸੁਭਾਉ ਵਾਲਾ ਬੰਦਾ ਸੀ। ਉਸ ਨੇ ਇਹਨਾਂ ਸਿਖ ਕੈਦੀਆਂ ਉਤੇ ਬੜੀ ਸਖਤੀ ਕਰਨੀ ਆਰੰਭ ਦਿਤੀ। ਇਸ ਜੇਲ ਵਿਚ ਭਾਈ ਸਾਹਿਬ ਜੀ ਨੇ ਫਿਰ ਭੁਖ ਹੜਤਾਲ ਸ਼ੁਰੂ ਕਰ ਦਿਤੀ। ਆਪ ਜੀ ਨੇ ੪੦ ਦਿਨ ਭੁਖ ਹੜਤਾਲ ਜਾਰੀ ਰਖੀ, ਜਿਸ ਕਰਕੇ ਆਪ ਦਾ ਸਰੀਰ ਬੜਾ ਕਮਜ਼ੋਰ ਹੋ ਗਿਆ। ਜੇਲ ਦੇ ਡਾਕਟਰ ਸ੍ਰੀ ਨਾਰਾਇਣ ਦਾਸ ਨੇ ਆਪ ਦੀ ਇਹ ਹਾਲਤ ਵੇਖ ਕੇ ਆਪਣੇ ਅਧਿਕਾਰਾਂ ਨਾਲ ਭਾਈ ਸਾਹਿਬ ਜੀ ਨੂੰ ਆਪਣੇ ਹੱਥੀਂ ਜਲ ਛਕਣ ਅਤੇ ਖਰਬੂਜ਼ੇ ਛਕਣ ਦੀ ਆਗਿਆ ਦੇ ਦਿਤੀ। ਭਾਈ ਸਾਹਿਬ ਜੀ ਨੂੰ ਇਸ ਜੇਲ ਵਿਚ ਲਗ ਪਗ ਡੇਢ ਵਰ੍ਹਾ ਰਹਿਣਾ ਪਿਆ, ਪਰ ਇਸ ਸਮੇਂ ਵਿਚ ਆਪ ਨੇ ਬਿਲਕੁਲ ਪ੍ਰਸ਼ਾਦਿ ਨਾ ਛਕਿਆ ਅਤੇ ਗੁੜ ਤੇ ਭੁਜੇ ਹੋਏ ਛੋਲੇ ਖਾ ਕੇ ਹੀ ਗੁਜ਼ਾਰਾ ਕੀਤਾ।

ਇਸ ਜੇਲ੍ਹ ਵਿਚ ਆਪ ਨਾਲ ਇਕ ਹੋਰ ਘਟਨਾ ਵੀ ਵਾਪਰੀ ਜਿਸ ਕਰਕੇ ਆਪਨੂੰ ਭੁਖ ਹੜਤਾਲ ਕਰਨੀ ਪਈ ਸੀ।

ਇਸ ਜੇਲ੍ਹ ਵਿਚ ਆਪ ਨੂੰ ਦਸਤਾਰ ਅਤੇ ਇਕ ਹੋਰ ਕਛਹਿਰਾ ਨਾ ਦਿਤਾ ਗਿਆ। ਕਛਹਿਰੇ ਅਤੇ ਦਸਤਾਰ ਉਤੇ ਇਸ ਤਰ੍ਹਾਂ ਦੀ ਬੰਦਸ਼ ਕਰਕੇ ਆਪ ਨੇ ਭੁਖ ਹੜਤਾਲ ਕਰ ਦਿਤੀ ਸੀ। ਅੰਤ ਸਰਕਾਰ ਨੂੰ ਝੁਕਣਾ ਪਿਆ। ਮੁਲਤਾਨ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਆਪ ਦੀ ਭੁਖ ਹੜਤਾਲ ਤੁੜਾਉਣ ਲਈ ਆਇਆ ਅਤੇ ਉਸ ਨੇ ਦਸਤਾਰ ਤੇ ਕਛਹਿਰੇ ਦੀ ਆਗਿਆ ਦੇ ਦਿਤੀ। ਇਸ ਸਮੇਂ ਭਾਈ ਸਾਹਿਬ ਜੀ ਨੇ ਹਥ ਜੋੜ ਕੇ ਸਾਹਿਬ ਸ੍ਰੀ ਕਲਗੀਧਰ ਪਾਤਸ਼ਾਹ ਦਾ ਧੰਨਵਾਦ ਕੀਤਾ। ਇਹ ਦੇਖ ਕੇ ਜੇਲ੍ਹ ਦੇ ਕਰਮਚਾਰੀਆਂ ਨੇ ਕਿਹਾ ਕਿ 'ਤੁਮ ਜੇਲ੍ਹ ਕੇ ਅਫਸਰੋਂ ਔਰ ਸਰਕਾਰ ਦਾ ਸ਼ੁਕਰ ਕਿਉਂ ਨਹੀਂ ਕਰਤੇ ?' ਭਾਈ ਸਾਹਿਬ ਜੀ ਨੇ ਉਤਰ ਦਿਤਾ ਕਿ ਹਮ ਤੋ ਸਚੀ ਸਰਕਾਰ ਦਾ ਸ਼ੁਕਰ ਕਰਤੇ ਹੈਂ, ਜਿਸ ਨੇ ਆਪ ਕੋ ਹੁਕਮ ਦੀਆ ਹੈ ਕਿ ਆਪ ਹਮੇਂ ਇਹ ਕਪੜੇ ਪਹਿਨਾਨੇ ਕੇ ਲੀਏ ਆਏ ਹੈਂ।' ਇਹ ਸੁਣ ਕੇ ਡਿਪਟੀ ਕਮਿਸ਼ਨਰ ਹੱਸ ਪਿਆ।

ਸੰਨ ੧੯੧੭ ਵਿਚ ਜੁਲਾਈ ਦੇ ਮਹੀਨੇ ਆਪ ਨੂੰ ਆਪ ਦੇ ਸਾਥੀਆਂ ਸਣੇ ਮੁਲਤਾਨ ਵਿਚੋਂ ਬਦਲ ਕੇ ਹਜ਼ਾਰੀ ਬਾਗ (ਬਿਹਾਰ) ਦੀ ਜੇਲ੍ਹ ਵਿਚ ਭੇਜ ਦਿਤਾ ਗਿਆ। ਇਸ ਤਬਦੀਲੀ ਸਮੇਂ ਆਪ ਦੇ ਨਾਲ ਦੇ ਪੰਜ ਸਾਥੀ ਸੈਂਟਰਲ ਜੇਲ ਲਾਹੌਰ ਤੋਂ, ਪੰਜ ਸਾਥੀ ਡਿਸਟ੍ਰਿਕਟ ਜੇਲ ਮੁਲਤਾਨ ਤੋਂ ਅਤੇ ਮਿੰਟ ਗੁਮਰੀ ਡਿਸਟ੍ਰਿਕਟ ਜੇਲ੍ਹ ਤੋਂ ਦੋ ਸਾਥੀ ਤਬਦੀਲ ਕੀਤੇ ਗਏ ਸੋ ਇਹ ਤੇਰਾਂ ਸਿੰਘ ਲਾਹੌਰ ਸਟੇਸ਼ਨ ਤੋਂ ਇਕੋ ਡਬੇ ਵਿਚ ਹੀ

ਹਜ਼ਾਰੀ ਬਾਗ ਵਲ ਭੇਜੇ ਗਏ। ਰਸਤੇ ਵਿਚ ਆਪ ਨੇ ਨਾਮ ਦੇ ਸਿਮਰਨ ਦਾ ਪ੍ਰਵਾਹ ਅਤੇ ਗੁਰਬਾਣੀ ਦਾ ਕੀਰਤਨ ਜਾਰੀ ਰਖਿਆ। ਇਹ ਸਾਰੇ ਸੱਜਣ ਜੁਲਾਈ ੧੯੧੭ ਦੇ ਤੀਜੇ ਹਫਤੇ ਹਜ਼ਾਰੀ ਬਾਗ ਜੇਲ੍ਹ ਵਿਚ ਪੁਜ ਗਏ। ਭਾਈ ਸਾਹਿਬ ਜੀ ਨੂੰ ਇਹਨਾਂ ਦੇ ਸਾਥੀਆਂ ਸਣੇ ਇਸ ਜੇਲ੍ਹ ਵਿਚ ਅਕਤੂਬਰ ਸੰਨ ੧੯੨੧ ਤਕ ਰਹਿਣਾ ਪਿਆ।

ਅਜੇ ਇਕ ਵਰ੍ਹਾ ਹੀ ਬੀਤਿਆ ਸੀ ਕਿ ਇਸ ਜੇਲ੍ਹ ਦੇ ਕੁਝ ਸਿੰਘ ਜੇਲ ਕਰਮਚਾਰੀਆਂ ਦੇ ਵਤੀਰੇ ਤੋਂ ਬੜੇ ਹੀ ਤੰਗ ਆ ਚੁਕੇ ਸਨ, ਜਿਸ ਕਰਕੇ ਇਹਨਾਂ ਨੇ ਸਲਾਹ ਕੀਤੀ ਕਿ ਕੋਈ ਇਹੋ ਜਿਹਾ ਪ੍ਰਬੰਧ ਕੀਤਾ ਜਾਵੇ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਜੇਲ ਤੋਂ ਰਿਹਾਈ ਪ੍ਰਾਪਤ ਕੀਤੀ ਜਾਵੇ। ਸੋ ਮੌਕਾ ਪਾ ਕੇ ਅਠਾਰਾਂ ਸਿੰਘ ਇਸ ਜੇਲ ਵਿਚੋਂ ਰਾਤ ਸਮੇਂ ਚੁਪ ਕੀਤੇ ਨਿਕਲ ਗਏ ਅਤੇ ਕੁਝ ਚਿਰ ਪਤਾ ਹੀ ਨਾ ਲਗ ਸਕਿਆ ਕਿ ਉਹ ਕਿਧਰ ਚਲੇ ਗਏ ਸਨ।

ਇਸ ਜੇਲ੍ਹ ਵਿਚ ਭਾਈ ਸਾਹਿਬ ਜੀ ਨੂੰ ਕਈ ਵਾਰੀ ਭੁਖ ਹੜਤਾਲ ਕਰਨੀ ਪਈ। ਝਗੜਾ ਸਿਰਫ ਪ੍ਰਸ਼ਾਦਿ ਤਿਆਰ ਕਰਨ ਦਾ ਸੀ। ਜੇਲ੍ਹ ਦੇ ਕਰਮਚਾਰੀ ਗੁਰਸਿਖਾਂ ਨੂੰ ਇਹਨਾਂ ਲਈ ਪ੍ਰਸ਼ਾਦਿ ਤਿਆਰ ਕ੍ਰਨ ਦੀ ਆਗਿਆ ਨਹੀਂ ਸਨ ਦਿੰਦੇ, ਅਤੇ ਭਾਈ ਸਾਹਿਬ ਕਿਸੇ ਕੁਰਹਿਤੀ ਦੇ ਹਥੋਂ ਜਲ ਤਕ ਵੀ ਛਕਣ ਲਈ ਤਿਆਰ ਨਹੀਂ ਸਨ ਹੁੰਦੇ। ਜਦ ਕੁਝ ਦਿਨਾਂ ਦੀ ਭੁਖ ਹੜਤਾਲ ਹੁੰਦੀ ਤਾਂ ਜੇਲ ਦੇ ਕਰਮਚਾਰੀ ਘਬਰਾ ਜਾਂਦੇ।

ਅਤੇ ਜੇਲ ਦਾ ਡਾਕਟਰ ਭਾਈ ਸਾਹਿਬ ਜੀ ਨੂੰ ਦੁਧ, ਫਲ ਆਦਿ ਛਕਣ ਦੀ ਆਗਿਆ ਦੇ ਦਿੰਦਾ ਜਾਂ ਇਹਨਾਂ ਲਈ ਵਖਰਾ ਪ੍ਰਸ਼ਾਦਿ ਤਿਆਰ ਕਰਨ ਦੀ ਆਗਿਆ ਦੇ ਜਾਂਦਾ। ਜੇਲ ਵਿਚ ਵੀ ਆਪ ਨੇ ਨਾਮ ਅਤੇ ਸ਼ਬਦ ਕੀਰਤਨ ਦਾ ਪ੍ਰਵਾਹ ਜਾਰੀ ਰਖਿਆ ਅਤੇ ਬਹੁਤ ਸਾਰੇ ਕੈਦੀਆਂ ਨੂੰ ਨਾਮ ਜਪਣ ਤੇ ਗੁਰਬਾਣੀ ਦੇ ਕੀਰਤਨ ਲਈ ਪ੍ਰੇਰਨਾ ਕੀਤੀ।

ਆਪ ਜੀ ਦੀ ਪਹਿਲੀ ਭੁਖ ਹੜਤਾਲ ਤਿੰਨਾਂ ਹਫਤਿਆਂ ਦੀ ਸੀ, ਅਤੇ ਦੂਜੀ ਦੋ ਹਫਤਿਆਂ ਦੀ ਸੀ। ਇਹਨਾਂ ਸਿੰਘਾਂ ਨੇ ਜੇਲ ਕਰਮਚਾਰੀਆਂ ਨਾਲ ਭਾਵੇਂ ਬੜਾ ਪਰੇਮ ਭਰਿਆ ਵਰਤਾਓ ਕੀਤਾ ਅਤੇ ਆਮ ਕੈਦੀਆਂ ਵਾਂਗ ਕਿਸੇ ਪ੍ਰਕਾਰ ਦੀ ਕੋਈ ਗੜਬੜ ਨਾ ਕੀਤੀ, ਤਦ ਵੀ ਜੇਲ ਕਰਮਚਾਰੀ ਆਪ ਨੂੰ ਗਦਰ ਪਾਰਟੀ ਦਾ ਮੈਂਬਰ ਜਾਣ ਕੇ ਬੜੇ ਖਤਰਨਾਕ ਸਮਝਦੇ ਸਨ। ਕੁਝ ਚਿਰ ਮਗਰੋਂ ਹਜ਼ਾਰੀ ਬਾਗ ਜੇਲ ਵਿਚੋਂ ਇਹਨਾਂ ਨੂੰ ਮਦਰਾਸ ਪ੍ਰਾਂਤ ਦੀਆਂ ਵਖ ਵਖ ਜੇਲਾਂ ਵਿਚ ਭੇਜ ਦਿਤਾ ਗਿਆ। ਭਾਈ ਸਾਹਿਬ ਨੂੰ ਰਾਜ ਮੰਦਰੀ ਜੇਲ ਵਿਚ ਰਖਿਆ ਗਿਆ। ਭਾਈ ਸਾਹਿਬ ਜੀ ਨੂੰ ਇਸ ਜੇਲ ਵਿਚ ਕਈ ਪ੍ਰਕਾਰ ਦੀਆਂ ਸਹੂਲਤਾਂ ਮਿਲ ਗਈਆਂ। ਆਪ ਨਾਲ ਜੇਲ ਕਰਮ-ਚਾਰੀ ਬੜਾ ਪਿਆਰ ਤੇ ਸਤਿਕਾਰ ਭਰਿਆ ਸਲੂਕ ਕਰਦੇ ਰਹੇ। ਇਸ ਜੇਲ ਵਿਚ ਆਪ ਜੋ ਕੁਝ ਚਾਹੁੰਦੇ, ਆਪ ਨੂੰ ਮਿਲ ਜਾਂਦਾ। ਇਸ ਲਈ ਇਥੇ ਰਹਿੰਦਿਆਂ ਆਪ ਨੇ 'ਗੁਰਮਤਿ ਬਿਬੇਕ' ਨਾਮੀ ਪੁਸਤਕ ਲਿਖੀ। ਇਸ ਤੋਂ ਬਿਨਾਂ ਆਪ ਦੂਜੇ

ਕੈਦੀਆਂ ਤੇ ਜੇਲ ਕਰਮਚਾਰੀਆਂ ਵਿਚ ਪਰੇਮਾ ਭਗਤੀ ਤੇ ਨਾਮ ਦੇ ਸਿਮਰਨ ਦਾ ਪ੍ਰਚਾਰ ਕਰਦੇ ਰਹੇ, ਜਿਸ ਕਰਕੇ ਬਹੁਤ ਸਾਰੇ ਜੇਲ ਕਰਮਚਾਰੀ ਆਪ ਦੇ ਪਰੇਮ ਭਰੇ ਬਚਨਾਂ ਪੁਰ ਸ਼ਰਧਾ ਰਖਦੇ ਰਹੇ।

ਰਾਜ ਮੰਦਰੀ ਜੇਲ ਹੀ ਇਕ ਅਜਿਹੀ ਥਾਂ ਸੀ ਜਿਥੋਂ ਦੇ ਵਾਤਾਵਰਣ ਵਿਚ ਆਪ ਦੇ ਵਤੀਰੇ ਨੇ ਬੜੀ ਤਬਦੀਲੀ ਲਿਆਂਦੀ। ਆਪ ਦੀ ਮਿੱਠਤ, ਵਿਦਵਤਾ, ਨਾਮ ਬਾਣੀ ਦੇ ਸਿਮਰਨ ਅਤੇ ਆਪਣੇ ਸਤਿਗੁਰਾਂ ਦੇ ਚਰਨਾਂ ਦੀ ਪ੍ਰੀਤੀ ਆਪ ਦੇ ਜੀਵਨ ਦੇ ਅਹਿਹੇ ਗੁਣ ਸਨ, ਜਿਨ੍ਹਾਂ ਨੇ ਬਹੁਤ ਸਾਰੇ ਸਜਣਾਂ ਨੂੰ ਪ੍ਰਭਾਵਤ ਕੀਤਾ। ਮੁਸਲਮਾਨ ਤੇ ਈਸਾਈ ਕਰਮ-ਚਾਰੀ ਵੀ ਆਪ ਨਾਲ ਪ੍ਰੇਮ ਕਰਦੇ ਸਨ। ਸੰਨ ੧੯੨੨ ਦੇ ਅਕਤੂਬਰ ਦੇ ਮਹੀਨੇ ਆਪ ਦੀ ਇਸ ਜੇਲ ਤੋਂ ਤਬਦੀਲੀ ਦੇ ਕਾਗਜ਼ ਆ ਗਏ। ਇਸ ਜੇਲ ਦੇ ਕਰਮਚਾਰੀਆਂ ਨੇ ਅਤੇ ਆਪ ਨੇ ਵੀ ਇਕ ਦੂਸਰੇ ਤੋਂ ਵਿਛੜਨ ਦਾ ਸਮਾਂ ਕੁਝ ਦੁਖ-ਦਾਈ ਪ੍ਰਤੀਤ ਕੀਤਾ। ਆਪ ਨੇ ਉਹਨਾਂ ਸਜਣਾਂ ਨੂੰ ਸਮਝਾ-ਇਆ ਕਿ ਕਰਤਾਰ ਦੀ ਮਰਜ਼ੀ ਇਸੇ ਤਰ੍ਹਾਂ ਹੈ, ਜਿਸ ੨ ਹਾਲਤ ਵਿਚ ਜਿਥੇ ਜਿਥੇ ਰਖਦਾ ਹੈ, ਇਨਸਾਨ ਨੂੰ ਉਸੇ ਵਿਚ ਹੀ ਸ਼ੁਕਰ ਕਰਨਾ ਚਾਹੀਦਾ ਹੈ।

## ੭.

# ਨਾਗਪੁਰ ਜੇਲ੍ਹ

ਰਾਜ ਮੰਦਰੀ ਜੇਲ ਤੋਂ ਆਪ ਦੀ ਤਬਦੀਲੀ ਨਾਗਪੁਰ ਜੇਲ੍ਹ ਵਿਚ ਕੀਤੀ ਗਈ। ਆਪ ਪਹਿਲੀ ਨਵੰਬਰ ਸੰਨ ੧੯੨੨ ਨੂੰ ਨਾਗਪੁਰ ਜੇਲ੍ਹ ਵਿਚ ਪੁਜ ਗਏ। ਇਥੋਂ ਦਾ ਸੁਪ੍ਰਿੰਟੰਡੰਟ ਇਕ ਮਰਹਟਾ ਬ੍ਰਾਹਮਣ ਸੀ। ਇਸ ਦਾ ਨਾਂ ਨੀਲ ਕੰਠ ਜਟਾਰ ਸੀ। ਇਹ ਬੜਾ ਸਖਤ ਸੁਭਾ ਦਾ ਆਕੜ ਵਾਲਾ ਤੇ ਅਭਿਮਾਨੀ ਸੀ। ਇਸ ਨੇ ਜੇਲ ਦੇ ਸਾਰੇ ਕੈਦੀਆਂ ਨੂੰ ਹੁਕਮ ਦਿਤਾ ਕਿ ਮੈਂ ਜਿਸ ਵੇਲੇ ਜੇਹਲ ਦੇ ਅੰਦਰ ਦੇਖ ਭਾਲ ਲਈ ਆਵਾਂ ਤਾਂ ਸਾਰੇ ਕੈਦੀ ਦੋਵੇਂ ਹਥ ਜੋੜ ਕੇ ਨਮਸ਼ਕਾਰ ਕਰਿਆ ਕਰਨ। ਇਸ ਪੰਮੇ [ਬ੍ਰਾਹਮਣ] ਦਾ ਹੁਕਮ ਸੁਣ ਕੇ ਸ੍ਰੀ

ਦਸਮੇਸ਼ ਪਿਤਾ ਜੀ ਦੇ ਸ਼ੇਰ ਦੁਲਾਰੇ ਹੈਰਾਨ ਰਹਿ ਗਏ ਅਤੇ ਕਹਿਣ ਲਗੇ ਕਿ ਅਸੀਂ ਕਰਤਾਰ ਸਿਰਜਨਹਾਰ ਤੋਂ ਸਿਵਾ ਹੋਰ ਕਿਸੇ ਅਗੇ ਹੱਥ ਨਹੀਂ ਜੋੜਾਂਗੇ। ਸੋ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਇਨ੍ਹਾਂ ਦੇ ਸਾਥੀ ਭਾਈ ਕਰਤਾਰ ਸਿੰਘ ਜੀ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ। ਇਸ ਜੇਲ ਵਿਚ ਵੀ ਇਨ੍ਹਾਂ ਨੂੰ ਵੱਖਰਾ ਲੰਗਰ ਤਿਆਰ ਕਰਨ ਦੀ ਆਗਿਆ ਸੀ, ਪਰ ਜਦੋਂ ਆਪ ਨੇ ਸੁਪ੍ਰਿੰਟੰਡੰਟ ਜੇਲ ਦਾ ਇਹ ਅਯੋਗ ਹੁਕਮ ਮੰਨਣ ਤੋਂ ਇਨਕਾਰ ਕੀਤਾ ਤਾਂ ਇਨ੍ਹਾਂ ਕੋਲੋਂ ਵਖਰਾ ਲੰਗਰ ਤਿਆਰ ਕਰਨ ਦੇ ਹੱਕ ਖੋਹ ਲਏ ਗਏ। ਭਾਈ ਸਾਹਿਬ ਅਨਮਤੀਆਂ ਦੇ ਹੱਥਾਂ ਦਾ ਪ੍ਰਸ਼ਾਦ ਨਹੀਂ ਸਨ ਛਕਦੇ, ਜਿਸ ਕਰਕੇ ਆਪ ਨੇ ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਤੋਂ ਨਾਂਹ ਕਰ ਦਿਤੀ। ਇਹ ਆਪ ਜੀ ਦੀ ਜੇਲ ਯਾਤਰਾ ਸਮੇਂ ਦੀ ਨੌਵੀਂ ਭੁਖ ਹੜਤਾਲ ਸੀ।

ਇਹ ਦੇਖ ਕੇ ਇਸ ਪੰਮੇ ਸੁਪ੍ਰਿੰਟੰਡੰਟ ਨੇ ਆਪ ਨੂੰ ਡਾਂਟਿਆ, ਆਪ ਦੇ ਦੰਦ ਭੰਨੇ ਗਏ ਅਤੇ ਨਾਲ ਹੀ ਧਮਕੀ ਦਿਤੀ ਕਿ ਜੇ ਆਪ ਇਸ ਤਰ੍ਹਾਂ ਹੁਕਮ ਅਦੂਲੀ ਕਰੋਗੇ ਤਾਂ ਆਪ ਦੇ ਮੂੰਹ ਵਿਚ ਤਮਾਕੂ ਗਊ ਮਾਸ ਪਾਇਆ ਜਾਵੇਗਾ। ਆਪ ਨੇ ਫੇਰ ਵੀ ਪ੍ਰਵਾਹ ਨਾ ਕੀਤੀ ਅਤੇ ਕਿਹਾ, "ਮੇਰੇ ਅੰਗ ਸੰਗ ਪਿਤਾ ਕਲਗੀ ਵਾਲਾ ਹੈ।" ਇਸ ਤਰ੍ਹਾਂ ਆਪ ਦੀ ਇਹ ਭੁਖ ਹੜਤਾਲ ਕਈ ਦਿਨ ਜਾਰੀ ਰਹੀ।

ਇਸ ਸਮੇਂ ਪੰਜਾਬ ਵਿਚ ਅਕਾਲੀ ਲਹਿਰ ਬੜੇ ਜ਼ੋਰ

ਜ਼ੋਰ ਨਾਲ ਚਲ ਰਹੀ ਸੀ। ਹਜ਼ਾਰਾਂ ਅਕਾਲੀ ਸਿੰਘ ਪੰਜਾਬ ਦੀਆਂ ਵੱਖ ਵੱਖ ਜੇਲਾਂ ਵਿਚ ਸੁਟੇ ਗਏ ਸਨ ਅਤੇ ਜੇਲਾਂ ਵਿਚ ਇਨ੍ਹਾਂ ਉਤੇ ਕਈ ਪ੍ਰਕਾਰ ਦੀਆਂ ਸਖਤੀਆਂ ਕੀਤੀਆਂ ਜਾ ਰਹੀਆਂ ਸਨ। ਭਾਈ ਸਾਹਿਬ ਜੀ ਉਤੇ ਕੀਤੀਆਂ ਜਾ ਰਹੀਆਂ ਸਖਤੀਆਂ ਤੇ ਇਨ੍ਹਾਂ ਦੀ ਭੁਖ ਹੜਤਾਲ ਦੀਆਂ ਖਬਰਾਂ ਕਈਆਂ ਅਖਬਾਰਾਂ ਵਿਚ ਪ੍ਰਕਾਸ਼ਤ ਹੋਈਆਂ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਸਖਤੀਆਂ ਦੇ ਵਿਰੁਧ ਕਈ ਮਤੇ ਪਾਸ ਕੀਤੇ ਤੇ ਵਾਈਸਰਾਇ ਨੂੰ ਤਾਰਾਂ ਦਿਤੀਆਂ। ਇਸ ਸਮੇਂ ੨੬ ਜਨਵਰੀ ੧੯੨੩ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਦੀ ਇਕ ਖਾਸ ਇਕੱਤਰਤਾ ਹੋਈ ਅਤੇ ਐਲਾਨ ਕੀਤਾ ਗਿਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਹੋਰ ਅਕਾਲੀ ਕੈਦੀਆਂ ਪੁਰ ਜੋ ਸਖਤੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਵਿਰੁਧ ਸਾਰੇ ਪੰਥ ਵਿਚ ਪਹਿਲੀ ਫਰਵਰੀ ਸੰਨ ੧੯੨੩ ਨੂੰ 'ਅਰਦਾਸ ਦਿਵਸ' ਮਨਾਇਆ ਜਾਵੇ।

ਜਦੋਂ ਭਾਈ ਸਾਹਿਬ ਜੀ ਨੂੰ ਇਸ ਅਰਦਾਸ ਦਿਵਸ ਦੇ ਐਲਾਨ ਦਾ ਪਤਾ ਲਗਾ ਤਾਂ ਇਸ ਦਿਨ ਆਪ ਨੇ ਵੀ ਪੰਥ ਦੇ ਵਾਲੀ ਸ੍ਰੀ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿਚ ਹੱਥ ਜੋੜ ਕੇ ਅਰਦਾਸ ਕੀਤੀ। ਇਸ ਸਮੇਂ ਆਪ ਜੀ ਦੇ ਨੇਤਰਾਂ ਵਿਚੋਂ ਜਲ ਦੇ ਸੋਮੇ ਫੁਟ ਪਏ, ਅਤੇ ਇਸ ਤਰ੍ਹਾਂ ਹੰਝੂ ਕੇਰਦੇ ਹੋਇਆਂ ਆਪ ਨੇ ਅਰਦਾਸ ਕੀਤੀ ਕਿ ਅਰਦਾਸ ਤੋਂ ਮਗਰੋਂ ਆਪ ਕਿੰਨਾ ਚਿਰ ਅੰਤਰ ਧਿਆਨ ਹੋ ਕੇ ਬੈਠੇ ਰਹੇ। ਇਸ ਸਮੇਂ ਆਪ ਜੀ

ਨੂੰ ਪਤਾ ਲਗਾ ਕਿ ਅਰਦਾਸ ਵਿਚ ਕਿੰਨੀ ਸ਼ਕਤੀ ਹੈ। ਅਰਦਾਸ ਗੁਰਸਿਖਾਂ ਦੀ ਆਤਮਾਂ ਨੂੰ ਕਿਸ ਤਰ੍ਹਾਂ ਪਵਿਤਰ ਤੇ ਬਲਵਾਨ ਬਣਾਉਂਦੀ ਹੈ ਤੇ ਅਰਦਾਸ ਕਰਨ ਮਗਰੋਂ ਗੁਰਸਿਖ ਕਿਸ ਤਰ੍ਹਾਂ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਹਨ। ਇਸ ਅਰਦਾਸ ਦਾ ਇਹ ਅਸਰ ਹੋਇਆ ਕਿ ਉਸ ਹੰਕਾਰੀ ਸੁਪ੍ਰਿੰਟੰਡੰਟ ਨੂੰ ਹਾਰ ਮੰਨਣੀ ਪਈ ਅਤੇ ਉਸ ਨੇ ਫਿਰ ਭਾਈ ਸਾਹਿਬ ਜੀ ਤੇ ਇਹਨਾਂ ਦੇ ਸਾਥੀ ਸਿੰਘਾਂ ਨੂੰ ਆਪ ਪ੍ਰਸ਼ਾਦਿ ਤਿਆਰ ਕਰਨ ਦੀ ਖੁਲ੍ਹ ਦੇ ਦਿਤੀ ਤੇ ਭਾਈ ਸਾਹਿਬ ਜੀ ਦੀ ਭੁਖ ਹੜਤਾਲ ਖਤਮ ਹੋਈ।

ਅਸਲ ਵਿਚ ਗਲ ਇਹ ਸੀ ਕਿ ਜਦੋਂ ਭਾਈ ਸਾਹਿਬ ਜੀ ਨੇ ਇਸ ਹੁਕਮ ਦੇ ਵਿਰੁਧ ਭੁਖ ਹੜਤਾਲ ਕੀਤੀ, ਕਿ ਇਨ੍ਹਾਂ ਨੂੰ ਆਪ ਪ੍ਰਸ਼ਾਦਾ ਤਿਆਰ ਕਰ ਕੇ ਛਕਣ ਦੀ ਆਗਿਆ ਦੇਣ ਤੋਂ ਜੇਲ੍ਹ ਕਰਮਚਾਰੀਆਂ ਨੇ ਇਨਕਾਰ ਕਰ ਦਿਤਾ ਸੀ। ਭਾਈ ਸਾਹਿਬ ਜੀ ਨੇ ਜੇਲ੍ਹ ਕਰਮਚਾਰੀਆਂ ਨੂੰ ਬੜੀ ਨਿਮਰਤਾ ਨਾਲ ਕਿਹਾ ਕਿ ਇਸ ਵਿਚ ਧਾਰਮਿਕ ਔਕੜ ਹੈ। ਅਸੀਂ ਕਿਸੇ ਅਨਮਤੀਏ ਦੇ ਹੱਥ ਦਾ ਪ੍ਰਸ਼ਾਦਿ ਨਹੀਂ ਛਕ ਸਕਦੇ, ਅਜੇ ਤਕ ਹਰ ਜੇਲ੍ਹ ਵਿਚ ਸਾਨੂੰ ਆਪਣੇ ਲਈ ਪ੍ਰਸ਼ਾਦਿ ਤਿਆਰ ਕਰਨ ਦੀ ਖੁਲ੍ਹ ਰਹੀ ਹੈ, ਜੇਕਰ ਉਪਰਲੇ ਅਫਸਰਾਂ ਵਲੋਂ ਇਹ ਹੁਕਮ ਆਇਆ ਹੈ ਤਾਂ ਤੁਸੀਂ ਸਾਨੂੰ ਕੁਝ ਦਿਨ ਦੀ ਮੁਹਲਤ ਦਿਓ ਤਾਂ ਜੋ ਅਸੀਂ ਇੰਸਪੈਕਟਰ ਜਨਰਲ ਨਾਲ ਚਿੱਠੀ ਪੱਤਰ ਕਰ ਸਕੀਏ। ਸਾਨੂੰ ਓਨਾ ਚਿਰ ਆਪਣੇ ਹੱਥੀਂ

ਰੁਖਾ ਮਿੱਸਾ ਪ੍ਰਸ਼ਾਦਾ ਤਿਆਰ ਕਰਕੇ ਛਕਣ ਦੀ ਆਗਿਆ ਦਿਤੀ ਜਾਵੇ।

ਭਾਈ ਸਾਹਿਬ ਜੀ ਦੀ ਇਹ ਗੱਲ ਉਹਨਾਂ ਨੇ ਨਾ ਮੰਨੀ, ਕਿਉਂਕਿ ਹੁਕਮ ਦੇਣ ਵਾਲੇ ਤਾਂ ਉਹ ਆਪ ਹੀ ਸਨ, ਕਿਸੇ ਉਪਰਲੇ ਅਫਸਰ ਦਾ ਹੁਕਮ ਨਹੀਂ ਸੀ। ਭਾਈ ਸਾਹਿਬ ਜੀ ਦੀ ਇਹ ਬੇਨਤੀ ਪ੍ਰਵਾਨ ਕੀ ਕਰਨੀ ਸੀ, ਇਸਦਾ ਸਗੋਂ ਉਲਟਾ ਅਸਰ ਹੋਇਆ। ਭਾਈ ਸਾਹਿਬ ਨੂੰ ਇਕ ਫਾਂਸੀ ਵਾਲੀ ਕੋਠੜੀ ਵਿਚ ਬੰਦ ਕਰ ਦਿਤਾ ਗਿਆ ਅਤੇ ਭਾਈ ਪ੍ਰਿਥੀ ਸਿੰਘ ਜੀ ਨੂੰ ਕਿਸੇ ਹੋਰ ਕੋਠੜੀ ਵਿਚ ਬੰਦ ਕਰ ਦਿਤਾ ਗਿਆ। ਇਸ ਸਮੇਂ ਭਾਈ ਸਾਹਿਬ ਜੀ ਕੋਲੋਂ ਪੁਸਤਕਾਂ, ਇਹਨਾਂ ਦੀ ਦਸਤਾਰ, ਅਤੇ ਬਸਤਰ ਆਦਿਕ ਜ਼ਬਰਦਸਤੀ ਖੋਹ ਲਏ ਗਏ, ਇਥੋਂ ਤਕ ਕਿ ਪੈਰੋਂ ਜੁਤੀ ਵੀ ਲੁਹਾ ਕੇ ਲੈ ਗਏ। ਹੁਣ ਆਪ ਜੀ ਕੋਲ ਕੇਵਲ ਇਕੋ ਕਛਹਿਰਾ ਸੀ, ਜੋ ਤੇੜ ਪਾਇਆ ਹੋਇਆ ਸੀ ਅਤੇ ਦੂਸਰਾ ਕਛਹਿਰਾ ਤਾਂ ਉਹ ਜ਼ਬਰਦਸਤੀ ਖੋਹ ਕੇ ਲੈ ਜਾ ਚੁਕੇ ਸਨ। ਇਸ ਸਖਤੀ ਦੇ ਵਿਰੁਧ ਰੋਸ ਪ੍ਰਗਟ ਕਰਨ ਲਈ ਆਪ ਨੇ ਭੁਖ ਹੜਤਾਲ ਕਰ ਦਿਤੀ।

ਦਸ ਦਿਨ ਤਾਂ ਕਿਸੇ ਨੇ ਉੱਕੀ ਪ੍ਰਵਾਹ ਨਾ ਕੀਤੀ, ਯਾਰਵੇਂ ਦਿਨ ਇਕ ਗੋਰਾ ਸਾਰਜੰਟ ਜਿਸ ਦਾ ਨਾਂ ਬਿੱਗ ਸੀ, ਭਾਈ ਸਾਹਿਬ ਉਤੇ ਸਖਤੀ ਕਰਨ ਲਈ ਨੀਯਤ ਕੀਤਾ ਗਿਆ। ਇਸ ਗੋਰੇ ਨੇ ਭਾਈ ਸਾਹਿਬ ਜੀ ਉਤੇ ਜੋ ਜੋ ਸਖਤੀਆਂ ਕੀਤੀਆਂ, ਉਹ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂ ਵਾਕ ਅਨੁਸਾਰ ਭਾਈ ਸਾਹਿਬ ਜੀ ਦੀ ਇਹ ਅਵਸਥਾ ਸੀ ਕਿ—

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥
ਪਰਵਾਹੁ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹਿ ॥

ਪਰ ਭਾਈ ਸਾਹਿਬ ਜੀ ਦੀ ਇਸ ਅਵਸਥਾ ਨੂੰ ਸਮਝਣ ਵਾਲਾ ਉਸ ਕਾਲ ਕੋਠੜੀ ਵਿਚ ਦੂਸਰਾ ਹੋਰ ਕੌਣ ਸੀ। ਆਪ ਨੂੰ ਆਸਰਾ ਸੀ ਜਾਂ ਭਰੋਸਾ ਸੀ ਤਾਂ ਕੇਵਲ ਸਿਰਜਣਹਾਰ ਅਕਾਲ ਪੁਰਖ ਉਤੇ। ਉਸ ਦੁਸ਼ਟ - ਆਤਮਾ ਗੋਰੇ ਸਾਰਜੰਟ ਨੂੰ ਆਪ ਦੀ ਇਸ ਅਵਸਥਾ ਦਾ ਕੀ ਪਤਾ ਸੀ। ਉਹ ਆਉਂਦਾ ਕਈ ਤਰ੍ਹਾਂ ਦੇ ਅਯੋਗ ਬਚਨ ਬੋਲਦਾ, ਹੁੱਝਾਂ ਮਾਰਦਾ, ਠੁਡੇ ਮਾਰਦਾ ਤੇ ਹੋਰ ਕਈ ਪ੍ਰਕਾਰ ਦੇ ਕਸ਼ਟ ਦੇਂਦਾ ਹੋਇਆ ਧਮਕੀਆਂ ਦੇਂਦਾ ਚਲਾ ਜਾਂਦਾ। ਉਹ ਸਾਂਝੇ ਲੰਗਰ ਵਿਚੋਂ ਅਨਮਤੀਆਂ ਦੀਆਂ ਤਿਆਰ ਕੀਤੀਆਂ ਹੋਈਆਂ ਰੋਟੀਆਂ ਲਿਆ ਕੇ ਜ਼ਬਰਦਸਤੀ ਭਾਈ ਸਾਹਿਬ ਦੇ ਮੂੰਹ ਵਿਚ ਤੁੰਨਣ ਦਾ ਜਤਨ ਕਰਦਾ, ਭਾਈ ਸਾਹਿਬ ਸਤਿਗੁਰਾਂ ਦੀ ਕਿਰਪਾ ਨਾਲ ਸ਼ੇਰਾਂ ਵਾਂਗ ਅਜਿਹੀ ਭਬਕ ਮਾਰਦੇ ਕਿ ਉਹ ਕਚੀਚੀਆਂ ਵਟਦਾ ਹੋਇਆ ਰਤਾ ਠਠੰਬਰ ਜਾਂਦਾ।

ਇਕ ਦਿਨ ਉਹ ਬੜੇ ਕਰੋਧ ਨਾਲ ਬਕਦਾ ਆਇਆ ਅਤੇ ਆਉਂਦਾ ਹੀ ਕੇਸਾਂ(ਜੂੜੇ) ਤੋਂ ਪਕੜਨ ਲਈ ਹਥ ਵਧਾ-ਇਆ। ਭਾਈ ਸਾਹਿਬ ਜੀ ਪਰੇ ਹਟ ਗਏ ਤੇ ਉਸ ਨੂੰ ਸਮਝਾ-ਇਆ ਕਿ ਉਹ ਇਸ ਤਰ੍ਹਾਂ ਕਰਨ ਦੀ ਦਲੇਰੀ ਨਾ ਕਰੇ, ਪਰ

ਉਹ ਸੀ ਪੱਕਾ ਢੀਠ, ਉਸਨੇ ਭਾਈ ਸਾਹਿਬ ਜੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਫਿਰ ਹਥ ਵਧਾਇਆ ਤੇ ਭਾਈ ਸਾਹਿਬ ਨਾਲ ਹਥੋਂ ਪਾਈ ਹੋ ਪਿਆ । ਉਸਨੇ ਧਕੇਲ ਕੇ ਭਾਈ ਸਾਹਿਬ ਨੂੰ ਕੰਧ ਨਾਲ ਲਾ ਲਿਆ ਤੇ ਮਾਰ - ਕੁਟਾਈ ਕਰਨ ਲਗ ਪਿਆ ।

ਇਕ ਸਿਪਾਹੀ ਕੋਠੜੀ ਦੇ ਬਾਹਰ ਖੜਾ ਦੇਖ ਰਿਹਾ ਸੀ । ਭਾਈ ਸਾਹਿਬ ਜੀ ਨੇ ਉਸ ਸਿਪਾਹੀ ਨੂੰ ਆਵਾਜ਼ ਮਾਰੀ ਕਿ ਉਹ ਉਸ ਗੋਰੇ ਨੂੰ ਆ ਕੇ ਰੋਕੇ । ਭਾਈ ਸਾਹਿਬ ਜੀ ਨੇ ਕਿਹਾ ਕਿ ਤੂੰ ਇਹ ਦੇਖ ਰਿਹਾ ਹੈਂ, ਜਾਕੇ ਸੁਪ੍ਰੰਟੰਡੰਟ ਨੂੰ ਖਬਰ ਕਰ ਦਿਓ ਅਤੇ ਗਵਾਹੀ ਦੇਣੀ ਕਿ ਇਹ ਗੋਰਾ ਮੇਰੇ ਨਾਲ ਕਿਸ ਤਰ੍ਹਾਂ ਦਾ ਸਖਤੀ ਭਰਿਆ ਵਰਤਾਉ ਕਰ ਰਿਹਾ ਹੈ । ਜਦੋਂ ਭਾਈ ਸਾਹਿਬ ਜੀ ਨੇ ਉਸ ਸਿਪਾਹੀ ਨੂੰ ਏਨੇ ਸ਼ਬਦ ਕਹੇ ਤਾਂ ਉਹ ਗੋਰਾ ਕੁਝ ਠਠੰਬਰ ਗਿਆ ਅਤੇ ਉਸ ਸਮੇਂ ਬਕਦਾ ਹੋਇਆ ਪਰੇ ਚਲਾ ਗਿਆ ।

ਇੰਨੇ ਨੂੰ ਸੁਪ੍ਰੰਟੰਡੰਟ ਵੀ ਆ ਗਿਆ । ਭਾਈ ਸਾਹਿਬ ਜੀ ਨੇ ਉਸ ਨੂੰ ਸਾਰੀ ਹਾਲਤ ਦਸੀ ਕਿ ਇਹ ਗੋਰਾ ਕਿਸ ਤਰ੍ਹਾਂ ਦਾ ਭੈੜਾ ਸਲੂਕ ਕਰਦਾ ਰਿਹਾ ਹੈ । ਉਸ ਗਲ ਤਾਂ ਬੜੇ ਧਿਆਨ ਨਾਲ ਸੁਣੀ ਪਰ ਹੂੰ, ਹਾਂ, ਕਰਦਾ ਹੋਇਆ, ਬਿਨਾਂ ਕੋਈ ਪੁਛ ਪੜਤਾਲ ਕੀਤਿਆਂ ਐਵੇਂ ਟਾਲਮ ਟੋਲ ਕਰ ਕੇ ਚਲਾ ਗਿਆ ।

ਇਹ ਦੇਖ ਕੇ ਉਸ ਅੰਗਰੇਜ਼ ਸਾਰਜੰਟ ਬਿਗ ਦਾ ਹੌਂਸਲਾ

ਵਧ ਗਿਆ, ਉਸ ਨੇ ਅਗੇ ਨਾਲੋਂ ਵੀ ਵਧ ਅਤੇ ਬੜੀ ਦਲੇਰੀ ਨਾਲ ਸਖਤੀ ਕਰਨੀ ਸ਼ੁਰੂ ਕਰ ਦਿਤੀ। ਉਸੇ ਦਿਨ ਤ੍ਰਿਕਾਲਾਂ ਵੇਲੇ ਇਹ ਗੋਰਾ ਬਿੱਗ ਆਪਣੇ ਨਾਲ ਚਾਰ ਪੰਜ ਆਦਮੀ ਲੈ ਕੇ ਆਇਆ ਤੇ ਕਹਿਣ ਲਗਾ, ਅਸੀਂ ਤੁਹਾਡਾ ਅਨੀਮਾ ਕਰਨ ਆਏ ਹਾਂ।

ਭਾਈ ਸਾਹਿਬ ਜੀ ਨੇ ਕਿਹਾ ਸਾਨੂੰ ਅਨੀਮੇ ਦੀ ਕੋਈ ਲੋੜ ਨਹੀਂ, ਸਾਨੂੰ ਕੋਈ ਕਬਜ਼ੀ ਨਹੀਂ ਹੋਈ ਹੋਈ। ਅਸੀਂ ਬਿਲਕੁਲ ਨੌਂ ਬਰ ਨੌਂ ਹਾਂ। ਉਹਨਾਂ ਅਨੀਮਾਂ ਕੀ ਕਰਨਾ ਸੀ, ਉਹ ਤੇ ਭਾਈ ਸਾਹਿਬ ਜੀ ਦੀ ਬੇਪਤੀ ਕਰਨਾ ਚਾਹੁੰਦੇ ਸਨ। ਭਾਵੇਂ ਭਾਈ ਸਾਹਿਬ ਜੀ ਨੇ ਉਹਨਾਂ ਨੂੰ ਬੜਾ ਹੀ ਰੋਕਿਆ, ਬੜਾ ਰੌਲਾ ਪਾਇਆ। ਚਾਰ ਜਣਿਆਂ ਨੇ ਭਾਈ ਸਾਹਿਬ ਜੀ ਨੂੰ ਜ਼ਬਰਦਸਤੀ ਢਾਹ ਲਿਆ ਅਤੇ ਅਨੀਮਾ ਕਰ ਹੀ ਦਿਤਾ। ਜਾਂਦੇ ਹੋਏ ਇਹ ਧਮਕੀ ਦੇ ਗਏ ਕਿ ਕਲ ਤੁਹਾਡਾ ਧਰਮ ਭ੍ਰਿਸ਼ਟ ਕੀਤਾ ਜਾਵੇਗਾ।

ਅੰਗਰੇਜ਼ੀ ਰਾਜ ਦੇ ਸਮੇਂ ਸਿਖ ਕੈਦੀਆਂ ਨਾਲ ਇਸ ਤਰ੍ਹਾਂ ਦੀ ਅਯੋਗ ਸਖਤੀ ਹੁੰਦੀ ਰਹੀ, ਕਈ ਵਾਰੀ ਇਸ ਤੋਂ ਵੀ ਵਧੀਕ ਸਖਤੀ ਕੀਤੀ ਜਾਂਦੀ ਸੀ। ਅਗਲਾ ਦਿਨ ਚੜ੍ਹਿਆ। ਭਾਈ ਸਾਹਿਬ ਜੀ ਅਜੇ ਪਾਠ ਕਰਦੇ ਪਏ ਸਨ ਕਿ ਉਹ ਦੁਸ਼ਟ ਪੰਜ ਛੇ ਆਦਮੀਆਂ ਨੂੰ ਨਾਲ ਲੈ ਕੇ ਫਿਰ ਆ ਗਿਆ। ਹੁਣ ਨਾਲ ਜੇਲ੍ਹ ਦਾ ਸੁਪ੍ਰੰਟੰਡੰਟ ਵੀ ਸੀ। ਭਾਈ ਸਾਹਿਬ ਜੀ ਨੇ ਬੜੇ ਪਰੇਮ ਨਾਲ ਕਿਹਾ ਕਿ ਤੁਸੀਂ ਇਸ ਤਰ੍ਹਾਂ ਦਾ ਭੈੜਾ

ਸਲੂਕ ਕਿਉਂ ਕਰਦੇ ਹੋ ? ਦਸੋ ਇਸ ਤਰ੍ਹਾਂ ਤੰਗ ਕਰਨ ਨਾਲ ਤੁਹਾਨੂੰ ਕੀ ਮਿਲਦਾ ਹੈ ?

ਇਸ ਸਮੇਂ ਸੁਪ੍ਰੰਟੈਂਡੰਟ ਨੇ ਸਾਫ ਤੌਰ ਤੇ ਕਿਹਾ ਕਿ ਅਸੀਂ ਤੇਰਾ ਧਰਮ ਤੋੜਨ ਲਗੇ ਹਾਂ। ਇਸ ਸਮੇਂ ਭਾਈ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਪ੍ਰਮਾਤਮਾ ਕੋਲੋਂ ਡਰੋ ਤੇ ਕੁਝ ਰਬ ਤਰਸੀ ਕਰੋ। ਇਹ ਸੁਣ ਕੇ ਸੁਪ੍ਰੰਟੈਂਡੰਟ ਨੇ ਹਸਦਿਆਂ ਹੋਇਆਂ ਕਿਹਾ ਕਿ ਸਾਡਾ ਧਰਮ ਈਮਾਨ ਸਭ ਕੁਝ ਸਰਕਾਰ ਹੈ, ਅਸੀਂ ਸਰਕਾਰ ਦਾ ਹੁਕਮ ਮੰਨਣਾ ਹੈ, ਅਸੀਂ ਹੋਰ ਕੋਈ ਧਰਮ ਨਹੀਂ ਜਾਣਦੇ।

ਇਸ ਪੁਰ ਭਾਈ ਸਾਹਿਬ ਜੀ ਨੇ ਕਿਹਾ ਕਿ ਕੀ ਇਹ ਔਰੰਗਜ਼ੇਬੀ ਹੁਕਮ ਹੈ ਕਿ ਦੂਸਰੇ ਦਾ ਧਰਮ ਭ੍ਰਿਸ਼ਟ ਕੀਤਾ ਜਾਵੇ ? ਇਸ ਪੁਰ ਸੁਪ੍ਰੰਟੈਂਡੰਟ ਨੇ ਉਤਰ ਦਿਤਾ ਕਿ ਇਹ ਕਿਹੜਾ ਧਰਮ ਹੈ ਕਿ ਭੁਖੇ ਰਹਿ ਕੇ ਆਤਮਘਾਤ ਕੀਤਾ ਜਾਵੇ ? ਕੀ ਆਤਮ-ਘਾਤ ਕਰਨਾ ਵੀ ਕੋਈ ਧਰਮ ਹੈ ?

ਭਾਈ ਸਾਹਿਬ ਜੀ ਨੇ ਕਿਹਾ ਕਿ ਅਸੀਂ ਆਤਮਘਾਤ ਨਹੀਂ ਕਰ ਰਹੇ। ਸਾਡਾ ਸਤਿਗੁਰੂ ਸਾਡੇ ਅੰਗ ਸੰਗ ਹੈ। ਸਾਨੂੰ ਨਾਮ ਦਾ ਆਧਾਰ ਹੈ, ਇਸ ਲਈ ਸਾਨੂੰ ਭੁਖ ਨਹੀਂ ਲਗਦੀ*, ਤੁਸੀਂ ਸਾਨੂੰ ਇਸ ਤਰ੍ਹਾਂ ਤੰਗ ਨਾ ਕਰੋ,ਅਸੀਂ ਮਰਦੇ ਨਹੀਂ।ਜੇਕ੍ਰ

---

* ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

ਤੁਸਾਂ ਇਸ ਤਰ੍ਹਾਂ ਸਾਡਾ ਧਰਮ ਨਾਸ ਕਰਨ ਲਈ ਤੁਲੇ ਹੋਏ ਹੋ, ਤਾਂ ਯਾਦ ਰਖੋ ਕਿ ਅਸੀਂ ਉਸ ਦਸਮੇਸ਼ ਪਿਤਾ ਜੀ ਦੇ ਸਿੱਖ ਹਾਂ ਜਿਨ੍ਹਾਂ ਨੇ ਧਰਮ ਪਿਛੇ ਸਭ ਕੁਝ ਵਾਰ ਦਿਤਾ। ਅਸੀਂ ਆਪਣੀ ਜਾਨ ਵਾਰ ਦਿਆਂਗੇ ਪਰ ਧਰਮ ਨੂੰ ਆਂਚ ਨਹੀਂ ਲਗਣ ਦਿਆਂਗੇ। ਤੁਸੀਂ ਬੇਸ਼ਕ ਕਤਲ ਕਰ ਦਿਓ, ਪਰ ਸਾਡੇ ਧਰਮ ਵਿਚ ਕਿਸੇ ਪਰਕਾਰ ਦਾ ਦਖਲ ਨਾ ਦਿਓ। ਇਸ ਤਰ੍ਹਾਂ ਕਿਸੇ ਨੂੰ ਤੰਗ ਕਰਨਾ ਠੀਕ ਨਹੀਂ। ਤੁਸੀਂ ਇਹ ਸਚ ਜਾਣੋ ਕਿ ਇਸ ਤਰ੍ਹਾਂ ਭੁਖੇ ਰਹਿ ਕੇ ਅਸੀਂ ਨਹੀਂ ਮਰਦੇ। ਸਾਡੀ ਆਤਮਾ ਬਲਵਾਨ ਹੈ।

ਭਾਵੇਂ ਭਾਈ ਸਾਹਿਬ ਜੀ ਨੇ ਉਹਨਾਂ ਦੁਸ਼ਟਾਂ ਅੱਗੇ ਕਾਫੀ ਹਾਲ ਪੁਕਾਰ ਕੀਤੀ, ਪਰ ਉਥੇ ਕੌਣ ਸੁਣਦਾ ਸੀ। ਓੜਕ ਉਨ੍ਹਾਂ ਨੇ ਢਾਹ ਲਿਆ, ਪੁੱਠੀ ਹਥਕੜੀ ਲਾ ਕੇ ਜਕੜ ਲਿਆ। ਮੂੰਹ ਵਿਚ ਲਕੜੀ ਦੀ ਲਗਾਮ ਜਹੀ ਰੱਖ ਕੇ ਰਬੜ ਦੀ ਨਾਲ ਮੂੰਹ ਵਿਚ ਤੁੰਨ ਦਿਤੀ ਕਿ ਇਸ ਨਾਲ ਦੁਧ ਅੰਦਰ ਪਹੁੰਚਾਇਆ ਜਾਵੇ। ਭਾਵੇਂ ਉਹਨਾਂ ਨੇ ਬੜਾ ਜਤਨ ਕੀਤਾ, ਪਰ ਦੁਧ ਅੰਦਰ ਨਾ ਗਿਆ। ਉਹਨਾਂ ਨੇ ਮਾਰ ਮਾਰ ਕੇ ਬੇਹੋਸ਼ ਕਰ ਦਿਤਾ ਤੇ ਬੇਸੁਰਤੀ ਵਿਚ ਦੁਧ ਅੰਦਰ ਪਹੁੰਚਾਇਆ। ਭਾਈ ਸਾਹਿਬ ਜੀ ਨੇ ਜੋਗ ਅਭਿਆਸ ਕਰਕੇ ਸਾਹ ਰੋਕ ਲਿਆ ਸੀ।

ਜਦੋਂ ਕੁਝ ਦੁਧ ਅੰਦਰ ਗਿਆ, ਸਾਹ ਰੁਕਿਆ ਹੋਣ ਕਰ ਕੇ ਉਹ ਮਿਅਦੇ ਵਿਚ ਤੇ ਨਾ ਗਿਆ। ਇਕ ਦਮ ਅਜਿਹੀ

ਉਪਰ ਛੱਲ ਆਈ ਕਿ ਦੁਧ ਸਾਰੇ ਦਾ ਸਾਰਾ ਅੰਦਰੋਂ ਬਾਹਰ ਆ ਗਿਆ । ਰਬੜ ਦੀ ਨਾਲੀ ਵੀ ਟੁਕੀ ਗਈ । ਉਹਨਾਂ ਜ਼ਾਲਮਾਂ ਨੇ ਗੁਸੇ ਵਿਚ ਆ ਕੇ ਭਾਈ ਸਾਹਿਬ ਜੀ ਨੂੰ ਪਟਕਾ ਕੇ ਮਾਰਿਆ । ਇਹਨਾਂ ਦਾ ਸਿਰ ਇਕ ਪੱਥਰ ਨਾਲ ਵਜਾ ਤੇ ਆਪ ਬੇਹੋਸ਼ ਹੋ ਗਏ । ਅਜਿਹੀਆਂ ਦੰਦਨਾਂ ਪਈਆਂ ਕਿ ਦੰਦ ਖੁਲ੍ਹਣ ਵਿਚ ਹੀ ਨਾ ਆਉਣ, ਉਹ ਰਬੜ ਦੀ ਨਾਲੀ ਜੋ ਉਹਨਾਂ ਨੇ ਮੁੜ ਜ਼ਬਰਦਸਤੀ ਮੂੰਹ ਵਿਚ ਪਾ ਦਿਤੀ ਸੀ, ਉਹ ਦੰਦਾਂ ਵਿਚ ਹੀ ਚਿਥੀ ਗਈ। ਓਧਰ ਦੁਧ ਵਾਲੀ ਬੋਤਲ ਵੀ ਫਰਸ਼ ਉਤੇ ਡਿਗ ਕੇ ਟੁਟ ਗਈ । ਇਹ ਦੇਖ ਕੇ ਸੁਪ੍ਰਿੰਟੈਂਡੈਂਟ ਨੇ ਹੁਕਮ ਦਿਤਾ ਕਿ ਇਸ ਦੇ ਦੰਦ ਤੋੜ ਦਿਓ ਅਤੇ ਇਸ ਗਲ ਦੀ ਪ੍ਰਵਾਹ ਨਾ ਕਰੋ ਕਿ ਇਸ ਦੀ ਕੀ ਹਾਲਤ ਹੋਵੇਗੀ । ਆਪ ਜੀ ਦੇ ਅਗਲੇ ਦੰਦ ਮਜ਼ਬੂਤ ਸੀ, ਉਹ ਰਤਾ ਹਿਲ ਗਏ, ਪਰ ਟੁਟੇ ਨਹੀਂ । ਦੋ ਦਾਹੜਾਂ ਕੁਝ ਕਮਜ਼ੋਰ ਸਨ ਉਹ ਇਸ ਤਰ੍ਹਾਂ ਦੀ ਸਖਤੀ ਕਰਨ ਕਰਕੇ ਟੁਟ ਗਈਆਂ । ਇਸ ਤਰ੍ਹਾਂ ਦੰਦਨਾਂ ਵੀ ਖੁਲ੍ਹ ਗਈਆਂ ।

ਇਹ ਸਾਰਾ ਅਤਿਆਚਾਰ ਉਸ ਬਿੱਗ ਗੋਰੇ ਨੇ ਆਪ ਜੀ ਦੀ ਛਾਤੀ ਉਤੇ ਬੈਠ ਕੇ ਕੀਤਾ । ਆਪ ਜੀ ਦੇ ਮੂੰਹ ਵਿਚੋਂ ਲਹੂ ਵਗ ਰਿਹਾ ਸੀ, ਜਿਸ ਨਾਲ ਦਾਹੜਾ ਅਤੇ ਕੁੜਤਾ ਸਭ ਲਿਬੜ ਗਿਆ । ਇਸ ਤਰ੍ਹਾਂ ਦੀ ਸਖਤੀ ਕਰਨ ਨਾਲ ਮੂੰਹ ਮੱਥਾ ਸਭ ਸੁਜ ਗਿਆ । ਇਸ ਤਰ੍ਹਾਂ ਉਹਨਾਂ ਅਪਰਾਧੀਆਂ ਨੇ ਜ਼ਬਰਦਸਤੀ ਇਨ੍ਹਾਂ ਦੇ ਅੰਦਰ ਦੁਧ ਲੰਘਾ ਕੇ ਛਡਿਆ ।

ਇਸ ਤਰ੍ਹਾਂ ਜਦੋਂ ਇਹ ਲੋਕ ਥੋੜਾ ਜਿਹਾ ਦੁਧ ਅੰਦਰ ਸੁਟ ਕੇ ਵਾਪਸ ਜਾਣ ਹੀ ਲਗੇ ਸਨ ਕਿ ਇਕ ਵਾਰ ਫਿਰ ਉਪਰ ਛੱਲ ਆਈ। ਮਿਅਦੇ ਨੇ ਦੁਧ ਪ੍ਰਵਾਨ ਨਾ ਕੀਤਾ। ਇਹ ਦੇਖ ਕੇ ਉਸ ਜ਼ਾਲਮ ਨੇ ਇਕ ਵਾਰ ਫਿਰ ਆਪ ਜੀ ਉਤੇ ਵਾਰ ਕੀਤਾ। ਆਪ ਦੀ ਦਾੜ੍ਹੀ ਅਤੇ ਕੇਸ ਪੁਟੇ ਗਏ। ਲੱਤਾਂ, ਮੁੱਕੀਆਂ ਘਸੁੰਨ; ਚਪੇੜਾਂ ਮਾਰ ਮਾਰ ਕੇ ਆਪ ਜੀ ਨੂੰ ਅਧਮੋਇਆ ਜਿਹਾ ਕਰ ਦਿਤਾ ਗਿਆ। ਜਦੋਂ ਆਪ ਬੇਹੋਸ਼ ਹੋ ਕੇ ਡਿਗ ਪਏ ਤਾਂ ਸੁਪ੍ਰੰਟੰਡੰਟ ਨੇ ਕਿਹਾ, ਚਲੋ ਛਡੋ, ਹੁਣ ਕਲ੍ਹ ਦੇਖੀ ਜਾਵੇਗੀ ਕਿ ਇਸ ਨਾਲ ਕੀ ਸਲੂਕ ਕੀਤਾ ਜਾਵੇ।

ਅਗਲਾ ਦਿਨ ਹੋਇਆ ਹੁਣ ਭਾਈ ਸਾਹਿਬ ਜੀ ਨੂੰ ਚੰਗੀ ਹੋਸ਼ ਸੀ, ਪਰ ਆਪ ਜੀ ਦਾ ਬੰਦ ਬੰਦ ਦੁਖ ਰਿਹਾ ਸੀ। ਸਰੀਰ ਵਿਚ ਸਾਹ ਸਤ ਨਹੀਂ ਸੀ। ਆਪ ਚੰਗੀ ਤਰ੍ਹਾਂ ਬੈਠ ਭੀ ਨਹੀਂ ਸਨ ਸਕਦੇ। ਏਨੇ ਨੂੰ ਦੁਪਹਿਰ ਦੇ ੧੧ ਕੁ ਵਜੇ ਸੁਪ੍ਰੰਟੰਡੰਟ ਉਨ੍ਹਾਂ ਜ਼ਾਲਮਾਂ ਨੂੰ ਨਾਲ ਲੈ ਕੇ ਫਿਰ ਆ ਗਿਆ। ਦੋ ਜਣਿਆਂ ਨੇ ਹਥ ਪੈਰ ਜਕੜ ਲਏ। ਉਹ ਜ਼ਾਲਮ ਗੋਰਾ ਬਿੱਗ ਮੁੜ ਛਾਤੀ ਉਤੇ ਆਣ ਬੈਠਾ ਤੇ ਚਮਚੇ ਨਾਲ ਆਪ ਦੇ ਮੂੰਹ ਵਿਚ ਦਾਲ ਦਾ ਪਤਲਾ ਜਿਹਾ ਪਾਣੀ ਪਾਉਣਾ ਸ਼ੁਰੂ ਕੀਤਾ। ਹੁਣ ਦਾਲ ਦਾ ਪਾਣੀ ਆਪ ਜੀ ਦੇ ਅੰਦਰ ਚਲਾ ਗਿਆ ਕਿਉਂਕਿ ਆਪ ਜੀ ਵਿਚ ਏਨੀ ਤਾਕਤ ਨਹੀਂ ਸੀ ਕਿ ਆਪ ਪਹਿਲਾਂ ਵਾਂਗ ਯੋਗ ਅਭਿਆਸ ਕਰਕੇ ਸਾਹ ਰੋਕ ਸਕਣ, ਇਸ ਲਈ ਭਾਈ ਸਾਹਿਬ ਜੀ ਦਾ ਕੋਈ ਚਾਰਾ ਨਾ ਚਲਿਆ ਅਤੇ ਨਾ ਹੀ ਆਪ ਆਪਣਾ

ਜ਼ੋਰ ਵਰਤ ਕੇ ਉਹਨਾਂ ਦੁਸ਼ਟਾਂ ਦਾ ਮੁਕਾਬਲਾ ਕਰ ਸਕੇ। ਇਸ ਤਰ੍ਹਾਂ ਦਾਲ ਦਾ ਪਾਣੀ ਇਨ੍ਹਾਂ ਦੇ ਅੰਦਰ ਲੰਘਾ ਕੇ ਉਹ ਚਲੇ ਗਏ।

ਅਗਲੇ ਦਿਨ ਫੇਰ ਉਹੋ ਜ਼ਾਲਮ ਕਸਾਈ ਦਾ ਰੂਪ ਧਾਰਕੇ ਆ ਪਹੁੰਚੇ। ਇਨ੍ਹਾਂ ਨੇ ਆਉਂਦਿਆਂ ਹੀ ਗਊ ਦੇ ਮਾਸ ਦਾ ਅਰਕ, ਕੁੱਠਾ ਮਾਸ ਅਤੇ ਤਮਾਕੂ ਭਾਈ ਸਾਹਿਬ ਜੀ ਦੇ ਸਾਮ੍ਹਣੇ ਲਿਆ ਰਖਿਆ ਅਤੇ ਹੁਕਮ ਕੀਤਾ ਕਿ ਆਪ ਸਾਂਝੇ ਲੰਗਰ ਦਾ ਪ੍ਰਸ਼ਾਦਾ ਛਕ ਲਓ; ਜੇਕਰ ਆਪ ਇਹ ਨਾ ਛਕੋਗੇ ਤਾਂ ਇਹ ਗਊ ਦੇ ਮਾਸ ਦਾ ਅਰਕ, ਕੁਠਾ ਮਾਸ ਅਤੇ ਤਮਾਕੂ ਆਦਿ ਸਭ ਕੁਝ ਜ਼ਬਰਦਸਤੀ ਆਪ ਦੇ ਮੂੰਹ ਵਿਚ ਪਾ ਦਿਤਾ ਜਾਵੇਗਾ। ਇਸ ਤੋਂ ਬਿਨਾਂ ਆਪ ਨੂੰ ਬੇਹੋਸ਼ ਕਰਕੇ ਆਪ ਦੇ ਕੇਸ ਵੀ ਕਤਲ ਕੀਤੇ ਜਾਣਗੇ ਅਤੇ ਇਹ ਕਹਿਕੇ ਕਿ ਇਹ ਪਾਗਲ ਹੋ ਗਿਆ ਹੈ, ਆਪ ਨੂੰ ਪਾਗਲਖਾਨੇ ਭੇਜ ਦਿਤਾ ਜਾਵੇਗਾ।

ਏਨੇ ਨੂੰ ਇਕ ਜੇਲ੍ਹ ਦਾ ਮੈਂਬਰ ਆ ਗਿਆ। ਭਾਈ ਸਾਹਿਬ ਜੀ ਨੇ ਉਸ ਨੂੰ ਸਾਰੀ ਹਾਲਤ ਦਸਣ ਦਾ ਯਤਨ ਕੀਤਾ। ਸੁਪ੍ਰਿੰਟੰਡੰਟ ਮੁਕਰ ਗਿਆ। ਜੇਲਰ ਨੇ ਕਿਹਾ ਕਿ ਮੇਰਾ ਨਾਂ ਨਾ ਲੈਣਾ ਨਹੀਂ ਤੇ ਸਾਨੂੰ ਨੌਕਰੀਓਂ ਜਵਾਬ ਮਿਲ ਜਾਵੇਗਾ। ਭਾਈ ਸਾਹਿਬ ਜੀ ਨੇ ਉਸ ਗੋਰੇ ਦਾ ਨਾਂ ਹੀ ਲਿਆ ਤੇ ਬਾਕੀਆਂ ਨੂੰ ਬਖਸ਼ ਦਿਤਾ।

੮.

# ਪੰਜ ਕਕਾਰਾਂ ਦੀ ਰਹਿਤ ਦਾ ਝਗੜਾ

ਨਾਗਪੁਰ ਜੇਲ੍ਹ ਦਾ ਸੁਪ੍ਰੰਟੰਡੰਟ ਰੋਜ਼ ਕੋਈ ਨਾ ਕੋਈ ਸ਼ਰਾਰਤ ਖੜੀ ਕਰਦਾ ਰਿਹਾ। ਸ਼ਾਇਦ ਉਸ ਨੂੰ ਪਤਾ ਸੀ ਕਿ ਇਹ ਗੁਰਸਿਖ ਜੋ ਰਾਜਸੀ ਕੈਦੀ ਬਣਾ ਕੇ ਇਸ ਜੇਲ ਵਿਚ ਭੇਜੇ ਗਏ ਹਨ, ਇਹ ਬੜੇ ਖਤ੍ਰਨਾਕ ਕੈਦੀ ਹਨ ਤੇ ਇਹ ਆਪਣੇ ਧਰਮ ਲਈ ਜਾਨ ਤਕ ਕੁਰਬਾਨ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹ ਸਿੰਘਾਂ ਨਾਲ ਖਾਸ ਕਰਕੇ ਬੜੀ ਈਰਖਾ ਕਰਦਾ ਅਤੇ ਸਿੰਘਾਂ ਨੂੰ ਕਈ ਪ੍ਰਕਾਰ ਦੇ ਤਸੀਹੇ ਦੇਣ ਦੀਆਂ ਵਿਉਂਤਾਂ ਸੋਚਦਾ ਹੀ ਰਹਿੰਦਾ।

ਇਕ ਵਾਰੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ

ਇਸ ਜੇਲ੍ਹ ਦੇ ਸਿੰਘਾਂ ਲਈ ਤੀਹ ਕੁ ਕਛਹਿਰੇ ਭੇਜੇ ਗਏ, ਜੇਲ ਸੁਪ੍ਰਿੰਟੈਂਡੰਟ ਨੇ ਉਹ ਕਛਹਿਰੇ ਲੈ ਲਏ, ਪਰ ਉਹ ਸਿੰਘਾਂ ਨੂੰ ਦੇਣੇ ਨਹੀਂ ਸੀ ਚਾਹੁੰਦਾ। ਇਸ ਜੇਲ ਵਿਚ ਇਕ ਛੋਟਾ ਦਰੋਗਾ ਕਹਿਣ ਨੂੰ ਤਾਂ ਸਿਖ ਹੀ ਸੀ, ਪਰ ਅਸਲ ਵਿਚ ਉਹ ਸਿਖੀ ਅਸੂਲਾਂ ਤੋਂ ਗਿਰ ਚੁਕਾ ਹੋਇਆ ਸੀ। ਉਹ ਹਰ ਪ੍ਰਕਾਰ ਦੇ ਨਸ਼ਿਆਂ ਦੀ ਵਰਤੋਂ ਕਰਦਾ ਅਤੇ ਸ਼ਾਇਦ ਹੋਰ ਵੀ ਕਈ ਪ੍ਰਕਾਰ ਦੇ ਕੁਕਰਮ ਕਰਦਾ ਹੋਵੇ, ਪਰ ਉਸ ਨੂੰ ਰਹਿਤ ਮਰਯਾਦਾ ਉਤੇ ਵਿਸ਼ਵਾਸ ਨਹੀਂ ਸੀ। ਜਦੋਂ ਕਛਹਿਰੇ ਪਹੁੰਚ ਗਏ ਤਾਂ ਸੁਪ੍ਰਿੰਟੈਂਡੰਟ ਨੇ ਕਿਹਾ ਕਿ ਇਹ ਕਛਹਿਰੇ ਦਫਤਰ ਦੀ ਅਲਮਾਰੀ ਵਿਚ ਬੰਦ ਕਰ ਦਿਓ ਤੇ ਇਨ੍ਹਾਂ ਸਿਖ ਕੈਦੀਆਂ ਨੂੰ ਜੇਲ ਦੇ ਮੋਟੇ ਕਪੜੇ, ਲਕੀਰਾਂ ਵਾਲੇ ਤੱਪੜ ਜਹੇ ਦੀਆਂ ਹੀ ਨਿੱਕਰਾਂ ਬਣਾ ਦਿਓ। ਸੁਪ੍ਰਿੰਟੈਂਡੰਟ ਦੇ ਹੁਕਮ ਨਾਲ ਉਸੇ ਤਰ੍ਹਾਂ ਹੀ ਕੀਤਾ ਗਿਆ।

ਜਦੋਂ ਭਾਈ ਸਾਹਿਬ ਜੀ ਦੇ ਸਾਹਮਣੇ ਉਹ ਨਿੱਕਰ-ਨੁਮਾ ਕਛਹਿਰੇ ਲਿਆਂਦੇ ਗਏ, ਤਾਂ ਭਾਈ ਸਾਹਿਬ ਜੀ ਨੇ ਬੜੇ ਪਿਆਰ ਨਾਲ ਪੁਛਿਆ ਕਿ ਇਹ ਕੀ ਹੈ ਅਤੇ ਕਿਸ ਵਾਸਤੇ ਲਿਆਏ ਹੋ? ਜੇਲ ਕਰਮਚਾਰੀਆਂ ਨੇ ਉੱਤਰ ਦਿਤਾ ਕਿ ਇਹ ਤੁਹਾਡੇ ਪਹਿਨਣ ਲਈ ਲਿਆਏ ਹਾਂ।

ਭਾਈ ਸਾਹਿਬ ਜੀ ਨੇ ਕਿਹਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਛਹਿਰਾ ਗੁਰਸਿਖਾਂ ਦਾ ਧਾਰਮਕ ਚਿੰਨ੍ਹ ਹੈ। ਜਿਸ ਤਰ੍ਹਾਂ ਗੁਰਸਿਖਾਂ ਲਈ ਕੇਸਾਂ ਦੀ ਬੇਅਦਬੀ ਕਰਨਾ ਇਕ

ਭਾਰਾ ਗੁਨਾਹ ਸਮਝਿਆ ਜਾਂਦਾ ਹੈ, ਕੇਸਾਂ ਵਿਚ ਕੰਘਾ ਨਾ ਹੋਣਾ, ਹੱਥ ਵਿਚ ਕੜਾ ਨਾ ਹੋਣਾ, ਕ੍ਰਿਪਾਨ ਤੋਂ ਵਾਂਜਿਆਂ ਰਹਿਣਾ ਅਤੇ ਮਸਰਾਨਾਂ ਜਾਂ ਬਦਸ਼ਕਲ ਕਛਹਿਰਾ ਪਾਉਣਾ ਵੀ ਕੁਰਹਿਤੀਏ ਹੋਣਾ ਹੈ। ਇਹ ਜੋ ਨਿੱਕਰਾਂ ਤੁਸੀਂ ਲਿਆਏ ਹੋ, ਇਹ ਕਛਹਿਰੇ ਨਹੀਂ ਹਨ, ਨਿੱਕਰਾਂ ਹਨ। ਇਹ ਸਾਡੀ ਧਾਰਮਕ ਰਹਿਤ ਤੋਂ ਉਲਟ ਹਨ, ਇਸ ਲਈ ਇਹ ਸਾਡੇ ਕਿਸੇ ਕੰਮ ਨਹੀਂ।

ਉਹ ਛੋਟਾ ਦਰੋਗਾ ਜੋ ਕਹਿਣ ਨੂੰ ਤਾਂ ਸਿਖ ਸੀ, ਪਰ ਉਸ ਨੇ ਸ਼ਾਇਦ ਨਿੱਕਰ ਅਤੇ ਕਛਹਿਰੇ ਵਿਚ ਕੋਈ ਫਰਕ ਹੀ ਨਹੀਂ ਸੀ ਸਮਝਿਆ, ਆਇਆ ਅਤੇ ਕਹਿਣ ਲਗਾ, ਭਾਈ ਸਾਹਿਬ ਅਜ ਕਲ ਸਾਰੇ ਹੀ ਇਹੋ ਜਿਹੇ ਕੱਛੇ ਪਹਿਨਦੇ ਹਨ। ਹਰ ਜੇਲ ਵਿਚ ਇਸੇ ਤਰ੍ਹਾਂ ਦੇ ਕੱਛੇ ਦਿਤੇ ਜਾਂਦੇ ਹਨ ਅਤੇ ਬਾਹਰ ਵੀ ਸਿਖ ਇਹੋ ਜਹੇ ਪਾਉਣ ਲਗ ਪਏ ਹਨ, ਇਸ ਲਈ ਤੁਹਾਡੇ ਵਾਸਤੇ ਰੇਸ਼ਮੀ ਜਾਂ ਲੱਠੇ ਦੇ ਕਛਹਿਰੇ ਨਹੀਂ ਬਣਵਾਏ ਜਾ ਸਕਦੇ।

ਭਾਈ ਸਾਹਿਬ ਜੀ ਨੇ ਉਤਰ ਦਿਤਾ, "ਕੌਣ ਕਹਿੰਦਾ ਹੈ ਕਿ ਇਹ ਕਛਹਿਰੇ ਹਨ? ਇਹ ਨਿਕਰਾਂ ਵੀ ਨਹੀਂ ਤੇ ਕਛਹਿਰੇ ਵੀ ਨਹੀਂ। ਇਹ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜੇਲ ਕੈਦੀਆਂ ਦੀਆਂ ਤੰਬੀਆਂ ਪਾੜ ਕੇ ਛੋਟੀਆਂ ਕੀਤੀਆਂ ਗਈਆਂ ਹਨ। ਇਸ ਲਈ ਅਸੀਂ ਇਹ ਨਹੀਂ ਪਹਿਨ ਸਕਦੇ। ਤੁਸੀਂ ਸਾਨੂੰ ਆਗਿਆ ਦਿਓ ਅਸੀਂ ਆਪਣੇ ਘਰੋਂ ਜਾਂ ਸ਼੍ਰੋਮਣੀ

ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲਿਖ ਕੇ ਆਪਣੇ ਲਈ ਗੁਰ-ਸਿਖਾਂ ਵਾਲੇ ਕਛਹਿਰੇ ਮੰਗਵਾ ਲੈਂਦੇ ਹਾਂ।

'ਨਹੀਂ, ਨਹੀਂ, ਐਸਾ ਨਹੀਂ ਹੋ ਸਕਦਾ।' ਜੇਲਰ ਨੇ ਕਿਹਾ, 'ਕਿਸੇ ਵੀ ਕੈਦੀ ਨੂੰ ਘਰੋਂ ਜਾਂ ਬਾਹਰੋਂ ਕੋਈ ਚੀਜ਼ ਮੰਗਵਾਉਣ ਦੀ ਆਗਿਆ ਨਹੀਂ। ਤੁਸੀਂ ਜੇਲ੍ਹ ਦੇ ਕਾਨੂੰਨ ਤੋੜਨ ਦਾ ਜਤਨ ਕਰ ਰਹੇ ਹੋ ਤੇ ਜੇਲ੍ਹ ਅਫਸਰਾਂ ਦੀ ਤੌਹੀਨ ਕਰ ਰਹੇ ਹੋ।'

ਜੇਲਰ ਦੇ ਇਹੋ ਜਹੇ ਸਖਤ ਸ਼ਬਦ ਸੁਣ ਕੇ ਭਾਈ ਸਾਹਿਬ ਜੀ ਕੋਲੋਂ ਨਾ ਰਿਹਾ ਗਿਆ। ਆਪ ਨੇ ਕਿਹਾ, 'ਇਸ ਵਿਚ ਜੇਲ ਦਾ ਕਾਨੂੰਨ ਤੋੜਨ ਵਾਲੀ ਕਿਹੜੀ ਗਲ ਹੈ ਅਤੇ ਤੌਹੀਨ ਕਿਸ ਗਲ ਨਾਲ ਹੋ ਗਈ। ਸਗੋਂ ਤੁਸੀਂ ਇਹ ਕੱਟੀਆਂ ਹੋਈਆਂ ਤੰਬੀਆਂ ਜੋ ਨਾ ਨਿੱਕਰਾਂ ਹਨ ਅਤੇ ਨਾ ਹੀ ਕੱਛੀਆਂ, ਇਨ੍ਹਾਂ ਨੂੰ ਕਛਹਿਰੇ ਕਹਿ ਕੇ ਨਾ ਸਿਰਫ ਕਛਹਿਰੇ ਦੀ ਹੱਤਕ ਕਰ ਰਹੇ ਹੋ, ਸਗੋਂ ਸਾਡੇ ਮਜ਼੍ਹਬ ਵਿਚ ਦਖਲ ਦੇ ਕੇ ਪੰਜਾਂ ਕਕਾਰਾਂ ਦੀ ਰਹਿਤ ਭੰਗ ਕਰਨੀ ਚਾਹੁੰਦੇ ਹੋ। ਕੌਣ ਕਹਿ ਸਕਦਾ ਹੈ ਕਿ ਗੁਰਸਿਖ ਇਹੋ ਜਹੇ ਕਛਹਿਰੇ ਪਾ ਸਕਦਾ ਹੈ?'

ਭਾਈ ਸਾਹਿਬ ਜੀ ਦੇ ਇਹ ਬਚਨ ਸੁਣਕੇ ਜੇਲਰ ਨੂੰ ਗੁਸਾ ਆ ਗਿਆ। ਕਹਿਣ ਲਗਾ, ਜ਼ਰਾ ਦੇਖੋ, ਇਹ ਨਿਕਰ ਨਹੀਂ, ਇਸ ਵਿਚ ਨਾਲਾ ਹੈ। ਨਿੱਕਰ ਵਿਚ ਨਾਲਾ ਨਹੀਂ ਹੁੰਦਾ, ਬਟਨ ਹੁੰਦੇ ਹਨ। ਤੁਹਾਨੂੰ ਜੇਲ੍ਹ ਦਾ ਕਾਨੂੰਨ ਮੰਨਣਾ ਹੀ ਪਵੇਗਾ ਅਤੇ ਜੇਲ੍ਹ ਵਿਚ ਉਣੇ ਹੋਏ ਕਪੜੇ ਦੇ ਕੱਛੇ ਹੀ ਪਹਿਨਣੇ ਪੈਣਗੇ।

ਭਾਈ ਸਾਹਿਬ ਜੀ ਨੇ ਕਿਹਾ ਕਿ ਅਸੀਂ ਜੇਲ੍ਹ ਵਿਚ ਉਣੇ

ਹੋਏ ਕਪੜੇ ਦੇ ਕਛਹਿਰੇ ਪੈਹਨਣ ਨੂੰ ਤਿਆਰ ਹਾਂ,ਪਰ ਜੇ ਕਪੜਾ ਸਾਫ, ਬਿਨਾਂ ਕਿਸੇ ਰੰਗਦਾਰ ਲਕੀਰ ਦੇ ਹੋਵੇ ਅਤੇ ਕਛਹਿਰੇ ਦਾ ਰੂਪ ਅਸਲ ਕਛਹਿਰੇ ਵਰਗਾ ਹੀ ਹੋਵੇ। ਇਸ ਧਾਰੀਦਾਰ ਕਪੜੇ ਦੇ ਕਛਹਿਰੇ ਨੂੰ ਕਛਹਿਰਾ ਨਹੀਂ ਕਿਹਾ ਜਾ ਸਕਦਾ।

'ਅਸੀਂ ਇਹ ਧਾਰੀਆਂ ਮਿਟਾ ਦਿੰਦੇ ਹਾਂ।' ਸੁਪ੍ਰੰਟੈਂਡੈਂਟ ਨੇ ਉਤਰ ਦਿਤਾ—'ਅਜ ਹੀ ਇਹ ਕੱਛਾਂ ਕਾਲੀਆਂ ਕਰਵਾ ਦਿੰਦੇ ਹਾਂ। ਨਾਲੇ ਧਾਰੀਆਂ ਮਿਟ ਜਾਣਗੀਆਂ ਨਾਲੇ ਕੱਛਾਂ ਰੰਗੀਆਂ ਵੀ ਜਾਣਗੀਆਂ। ਫਿਰ ਤੇ ਤੁਸੀਂ ਇਹ ਪਹਿਨ ਲਓਗੇ ਨਾ?'

'ਅਸੀਂ ਪਹਿਲਾਂ ਹੀ ਕਹਿ ਚੁਕੇ ਹਾਂ ਕਿ ਖਾਲਸਾ ਕਛਹਿਰਾ ਪਹਿਨਦਾ ਹੈ, ਇਹ ਕੱਛੀਆਂ ਨਹੀਂ। ਕਛਹਿਰਾ ਖਾਲਸੇ ਦਾ ਧਾਰਮਿਕ ਚਿੰਨ੍ਹ ਹੈ, ਜੋ ਸਾਫ ਸੁਥਰਾ ਤੇ ਸੁਫੈਦ ਹੋਵੇ, ਗੁਰਸਿਖ ਕਾਲਾ ਕਛਹਿਰਾ ਨਹੀਂ ਪਹਿਨਦੇ।' ਭਾਈ ਸਾਹਿਬ ਜੀ ਨੇ ਵੀ ਰੁਅਬ ਨਾਲ ਕਿਹਾ।

'ਕੌਣ ਕਹਿੰਦਾ ਹੈ ਕਿ ਗੁਰਸਿਖ ਕਾਲਾ ਕਛਹਿਰਾ ਨਹੀਂ ਪਹਿਨਦੇ?' ਉਸ ਸਿਖ ਛੋਟੇ ਜੇਲਰ ਨੇ ਕਿਹਾ, 'ਅਸੀਂ ਤੁਹਾਨੂੰ ਤੁਹਾਡੇ ਨਾਲੋਂ ਚੰਗੇ ਸਿਖ, ਨਿਹੰਗ ਤੇ ਸੰਤ ਕਾਲਿਆਂ ਕਛਿਆਂ ਵਾਲੇ ਦਿਖਾ ਸਕਦੇ ਹਾਂ। ਜੇਲ੍ਹ ਵਿਚ ਤੁਹਾਨੂੰ ਜੇਲ੍ਹ ਦੇ ਕਪੜੇ ਹੀ ਦਿਤੇ ਜਾ ਸਕਦੇ ਹਨ, ਹੋਰ ਕੋਈ ਨਹੀਂ।'

'ਗੁਰਸਿਖਾਂ ਨੂੰ ਕਾਲੇ ਜਾਂ ਰੰਗਦਾਰ ਕਛਹਿਰੇ ਨਹੀਂ ਪਾਉਣੇ ਚਾਹੀਦੇ। ਬੇਸ਼ੱਕ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਜਾਂ ਸ੍ਰੀ

ਹਜ਼ੂਰ ਸਾਹਿਬ ਖਤ ਲਿਖ ਕੇ ਪਤਾ ਮੰਗਵਾ ਲਓ। ਜੇ ਉਹ ਆਗਿਆ ਦੇਣ ਤਾਂ ਅਸੀਂ ਰੰਗਦਾਰ ਹੀ ਪਹਿਨ ਲਵਾਂਗੇ, ਪਰ ਉਹ ਕਛਹਿਰੇ ਹੋਣ, ਇਹ ਕੱਛੀਆਂ ਅਸੀਂ ਨਹੀਂ ਪਹਿਨ ਸਕਦੇ।' ਭਾਈ ਸਾਹਿਬ ਨੇ ਉਤਰ ਦਿਤਾ।

'ਅੱਛਾ ਅਸੀਂ ਪੁਛ ਲਵਾਂਗੇ। ਉਸ ਛੋਟੇ ਦਰੋਗੇ ਨੇ ਕਿਹਾ।

ਕੋਲ ਹੀ ਭਾਈ ਕਰਤਾਰ ਸਿੰਘ ਜੀ ਖੜੇ ਸਨ, ਉਨ੍ਹਾਂ ਨੇ ਕਿਹਾ ਕਿ ਤੁਸੀਂ ਸਾਨੂੰ ਉਹ ਕਛਹਿਰੇ ਕਿਉਂ ਨਹੀਂ ਦੇਂਦੇ, ਜਿਹੜੇ ਕਿ ਸਾਡੇ ਲਈ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਆਏ ਹਨ ?

'ਕੌਣ ਕਹਿੰਦਾ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭੇਜੇ ਹਨ ? ਕੀ ਤੁਹਾਨੂੰ ਇਲਹਾਮ ਹੋਇਆ ਹੈ ?' ਦਰੋਗੇ ਨੇ ਕੜਕ ਕੇ ਕਿਹਾ।

'ਇਲਹਾਮ ਕੀ ਹੋਣਾ ਹੈ, ਸਾਨੂੰ ਪਤਾ ਹੈ ਕਿ ਤੁਸਾਂ ਉਹ ਦਫਤਰ ਦੀ ਅਲਮਾਰੀ ਵਿਚ ਰਖ ਛਡੇ ਹਨ। ਮੇਰੇ ਨਾਲ ਚਲੋ, ਮੈਂ ਤੁਹਾਨੂੰ ਕਢ ਕੇ ਵਿਖਾ ਸਕਦਾ ਹਾਂ।' ਭਾਈ ਕਰਤਾਰ ਸਿੰਘ ਜੀ ਨੇ ਕਿਹਾ।

'ਤੁਹਾਨੂੰ ਜ਼ਰੂਰ ਕੋਈ ਸੂਹੀਆ ਖਬਰਾਂ ਦੇਂਦਾ ਰਹਿੰਦਾ ਹੈ।' ਦਰੋਗੇ ਨੇ ਕਿਹਾ, 'ਪਰ ਅਸੀਂ ਤੁਹਾਨੂੰ ਅਜੇ ਉਹ ਨਹੀਂ ਦੇ ਸਕਦੇ।'

'ਸਾਰੀਆਂ ਜੇਲ੍ਹਾਂ ਵਿਚ ਉਹੋ ਕਛਹਿਰੇ ਮਿਲਦੇ ਹਨ, ਕਿਉਂਕਿ ਗੁਰਸਿਖ ਹੋਰ ਤਰ੍ਹਾਂ ਦੇ ਕਛਹਿਰੇ ਨਹੀਂ ਪਹਿਨ ਸਕਦੇ

ਜੇ ਉਹ ਸਾਡੇ ਲਈ ਆਏ ਹਨ ਤਾਂ ਸਾਨੂੰ ਮਿਲਣੇ ਚਾਹੀਦੇ ਹਨ।' ਭਾਈ ਸਾਹਿਬ ਜੀ ਨੇ ਕਿਹਾ।

ਅੰਤ ਕਾਫੀ ਝਗੜੇ ਪਿਛੋਂ ਜੇਲ੍ਹ ਵਾਲਿਆਂ ਨੂੰ ਹਥਿਆਰ ਸੁਟਣੇ ਹੀ ਪਏ ਅਤੇ ਕਛਹਿਰੇ ਅਰ ਕੰਘੇ ਜੋ ਗੁਰਸਿਖਾਂ ਲਈ ਆਏ ਸਨ,ਉਹ ਸਿੰਘਾਂ ਵਿਚ ਵੰਡ ਦਿਤੇ ਗਏ । ਇਹ ਇਸ ਜੇਲ੍ਹ ਦੇ ਅਫਸਰਾਂ ਦੀ ਪਹਿਲੀ ਹਾਰ ਸੀ ।

# ੯.

# ਪ੍ਵਾਰ ਨਾਲ ਮੁਲਾਕਾਤ

ਇਸ ਜੇਲ੍ਹ ਦੇ ਕਰਮਚਾਰੀ ਹਮੇਸਾਂ ਮਨ - ਆਈਆਂ ਹੀ ਕਰਦੇ ਰਹੇ। ਭਾਵੇਂ ਇਸ ਜੇਲ੍ਹ ਦੇ ਕੈਦੀਆਂ ਨੂੰ ਰਿਸ਼ਤੇਦਾਰਾਂ ਨਾਲ ਮੁਲਾਕਾਤ ਕਰਨ ਦੀ ਅਤੇ ਰਿਸ਼ਤੇਦਾਰਾਂ ਤੇ ਸਬੰਧੀਆਂ ਨੂੰ ਚਿੱਠੀਆਂ ਲਿਖਣ ਦੀ ਖੁਲ੍ਹ ਹੁੰਦੀ ਹੈ, ਪਰ ਇਹਨਾਂ ਕਰਮ-ਚਾਰੀਆਂ ਨੇ ਇਥੇ ਆਪਣਾ ਹੀ ਹੁਕਮ ਚਲਾਇਆ ਹੋਇਆ ਸੀ। ਤਿੰਨ ਤਿੰਨ ਮਹੀਨੇ ਕਿਸੇ ਨੂੰ ਚਿਠੀ ਹੀ ਨਹੀਂ ਸਨ ਲਿਖਣ ਦੇਂਦੇ। ਰਾਜਸੀ ਕੈਦੀਆਂ ਦੇ ਘਰਾਂ ਤੋਂ ਜੋ ਚਿਠੀਆਂ ਆਉਂਦੀਆਂ ਉਹ ਕਈ ਕਈ ਮਹੀਨੇ ਦਫਤਰ ਵਿਚ ਹੀ ਰੁਲਦੀਆਂ ਰਹਿੰਦੀਆਂ ਅਤੇ ਜੇ ਖਿਆਲ ਆ ਜਾਂਦਾ ਤਾਂ

ਕੈਦੀਆਂ ਨੂੰ ਦਿਤੀਆਂ ਜਾਂਦੀਆਂ ਜਾਂ ਦਫਤਰ ਵਿਚ ਹੀ ਇਧਰ ਉਧਰ ਕੂੜੇ ਵਿਚ ਰੁਲ ਜਾਂਦੀਆਂ। ਰਿਸ਼ਤੇਦਾਰਾਂ ਨਾਲ ਤਾਂ ਮੁਲਾਕਾਤ ਕਰਨ ਦਾ ਤਾਂ ਨਾਂ ਹੀ ਨਹੀਂ ਸਨ ਲੈਂਦੇ, ਭਾਵੇਂ ਕੋਈ ਕਹੇ ਕਿ ਸਾਨੂੰ ਬੜਾ ਜ਼ਰੂਰੀ ਕੰਮ ਹੈ, ਮੁਲਾਕਾਤ ਕਰਨ ਦੀ ਆਗਿਆ ਦੇ ਦਿਓ ਤਾਂ ਉਹ ਦਰਖਾਸਤ ਪਾੜ ਦੇ ਸੁਟ ਦਿਤੀ ਜਾਂਦੀ। ਇਹਨਾਂ ਸੱਤਾਂ ਅੱਠਾਂ ਵਰ੍ਹਿਆਂ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਇਕ ਵਾਰ ਆਗਿਆ ਮਿਲ ਗਈ ਕਿ ਉਹ ਪਰਿਵਾਰ ਨਾਲ ਮੁਲਾਕਾਤ ਕਰ ਸਕਦੇ ਹਨ। ਭਾਈ ਕਰਤਾਰ ਸਿੰਘ ਜੀ ਤੇ ਇਹਨਾਂ ਦੇ ਹੋਰਨਾਂ ਸਾਥੀਆਂ ਨੂੰ ਤਾਂ ਕਿਸੇ ਨਾਲ ਮਿਲਣ ਦੀ ਉੱਕੀ ਹੀ ਆਗਿਆ ਨਾ ਦਿਤੀ ਗਈ।

ਜਦੋਂ ਭਾਈ ਸਾਹਿਬ ਜੀ ਨੂੰ ਮੁਲਾਕਾਤ ਦੀ ਆਗਿਆ ਮਿਲ ਗਈ ਤਾਂ ਆਪ ਜੀ ਨੇ ਆਪਣੇ ਪ੍ਰਵਾਰ ਨੂੰ ਲਿਖਿਆ ਕਿ ਤੁਸੀਂ ਆ ਕੇ ਮੁਲਾਕਾਤ ਲਈ ਦਰਖਾਸਤ ਦਿਓ, ਆਪ ਨੂੰ ਆਗਿਆ ਮਿਲ ਜਾਵੇਗੀ। ਇਸ ਮੁਲਾਕਾਤ ਬਾਰੇ ਭਾਈ ਸਾਹਿਬ ਜੀ ਨੇ ਸੁਪ੍ਰੰਟੰਡੰਟ ਸਾਹਿਬ ਨਾਲ ਖੁਲ੍ਹ ਕੇ ਗਲਬਾਤ ਕਰ ਲਈ ਅਤੇ ਉਸ ਨੇ ਇਕਰਾਰ ਕੀਤਾ ਸੀ ਕਿ ਜਿਸ ਤਰ੍ਹਾਂ ਦੇਸ ਦੀਆਂ ਦੂਸਰੀਆਂ ਜੇਲ੍ਹਾਂ ਵਿਚ ਸਬੰਧੀਆਂ ਨਾਲ ਮੁਲਾਕਾਤ ਕਰਨ ਦੀ ਖੁਲ੍ਹ ਹੁੰਦੀ ਹੈ, ਇਸੇ ਤਰ੍ਹਾਂ ਆਪ ਜੀ ਦੇ ਪ੍ਰਵਾਰ ਨੂੰ ਵੀ ਮੁਲਾਕਾਤ ਕਰਨ ਦੀ ਖੁਲ੍ਹ ਹੋਵੇਗੀ ਅਤੇ ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਹੀਂ ਪਾਈ ਜਾਵੇਗੀ।

ਭਾਈ ਸਾਹਿਬ ਜੀ ਨੇ ਇਹ ਇਕਰਾਰ ਲੈ ਕੇ ਆਪਣੇ ਘਰ ਚਿੱਠੀ ਲਿਖ ਦਿਤੀ ਕਿ ਜਿਸ ਜਿਸ ਨੇ ਮੁਲਾਕਾਤ ਕਰਨੀ ਹੈ, ਉਹ ਨਾਗਪੁਰ ਆ ਕੇ ਮਿਲ ਜਾਓ।

ਨਾਗਪੁਰ ਵਿਚ ਪੰਜਾਬ ਤੋਂ ਆਉਣ ਵਾਲਿਆਂ ਲਈ ਇਕੋ ਇਕ ਟਿਕਾਣਾ ਹੈ, ਜਿਸ ਨੂੰ ਪੰਜਾਬੀ ਲਾਈਨ ਕਹਿੰਦੇ ਹਨ। ਇਸ ਅਸਥਾਨ ਤੇ ਇਕ ਗੁਰਦਵਾਰਾ ਭੀ ਹੈ, ਜੋ ਪੰਜਾਬੀਆਂ ਨੇ ਬਣਾਇਆ ਹੋਇਆ ਹੈ ਅਤੇ ਜਿਹੜੇ ਪੰਜਾਬੀ ਨਾਗਪੁਰ ਜਾਂਦੇ ਹਨ, ਉਹ ਇਸ ਗੁਰਦਵਾਰੇ ਵਿਚ ਜਾ ਕੇ ਠਹਿਰਦੇ ਹਨ। ਇਸ ਪੰਜਾਬੀ ਲਾਈਨ ਵਿਚ ਉਹਨੀਂ ਦਿਨੀਂ ਇਕ ਸਜਣ ਭਾਈ ਮਨਸ਼ਾ ਸਿੰਘ ਜੀ ਅਕਾਲੀ ਸਨ, ਜੋ ਪੂਰਨ ਗੁਰਸਿਖ, ਬੜੇ ਪ੍ਰੇਮੀ ਅਤੇ ਆਇਆਂ ਗਿਆਂ ਦੀ ਸੇਵਾ ਕਰਨ ਵਾਲੇ ਸਨ। ਇਹ ਸੱਜਣ ਇਹਨਾਂ ਦਾ ਸਾਰਾ ਪ੍ਰਵਾਰ ਪੰਜਾਬ ਵਲੋਂ ਆਉਣ ਵਾਲੇ ਯਾਤਰੂਆਂ ਦੀਆਂ ਖਾਸ ਕਰਕੇ ਅਤੇ ਬਾਹਰੋਂ ਆਉਣ ਵਾਲੇ ਯਾਤਰੂਆਂ ਦੀ ਆਮ ਕਰਕੇ ਬੜੀ ਸੇਵਾ ਕਰਦੇ ਸਨ। ਇਹਨਾਂ ਦਾ ਇਹ ਕੰਮ ਸਚਮੁਚ ਹੀ ਨਿਸ਼-ਕਾਮ ਸੀ ਅਤੇ ਇਹਨਾਂ ਨੇ ਕਿਸੇ ਯਾਤਰੂ ਕੋਲੋਂ ਕਦੇ ਕੁਛ ਨਹੀਂ ਸੀ ਮੰਗਿਆ। ਭਾਈ ਸਾਹਿਬ ਜੀ ਦਾ ਪਰਵਾਰ ਨਾਗਪੁਰ ਪੁਜਾ ਅਤੇ ਉਹਨਾਂ ਨੇ ਪੰਜਾਬੀ ਲਾਈਨ ਦੇ ਗੁਰਦਵਾਰੇ ਵਿਚ ਜਾਣ ਲਈ ਪਤਾ ਪੁਛਿਆ ਅਤੇ ਗੁਰਦਵਾਰੇ ਪਹੁੰਚ ਗਏ। ਜਦੋਂ ਭਾਈ ਮਨਸ਼ਾ ਸਿੰਘ ਜੀ ਨੂੰ ਪਤਾ ਲਗਾ ਕਿ ਭਾਈ ਸਾਹਿਬ ਜੀ ਦਾ ਪ੍ਰਵਾਰ ਆਇਆ ਹੈ ਅਤੇ ਭਾਈ ਸਾਹਿਬ

ਨਾਗਪੁਰ ਜੇਲ੍ਹ ਵਿਚ ਕਈਆਂ ਵਰ੍ਹਿਆਂ ਤੋਂ ਤਸੀਹੇ ਜਰ ਰਹੇ ਹਨ, ਤਾਂ ਇਹਨਾਂ ਨੇ ਭਾਈ ਸਾਹਿਬ ਜੀ ਦੇ ਸਾਰੇ ਪ੍ਰਵਾਰ ਦਾ ਸਵਾਗਤ ਕੀਤਾ, ਆਦਰ ਸਤਿਕਾਰ ਕੀਤਾ।

ਇਸ ਸਮੇਂ ਪੁਲਸ ਵਾਲਿਆਂ ਨੇ ਇਸ ਗੁਰਦਵਾਰੇ ਤੋਂ ਲੈ ਕੇ ਜੇਲ੍ਹ ਤਕ ਜ਼ਬਰਦਸਤ ਪਹਿਰਾ ਲਾ ਦਿਤਾ ਸੀ। ਉਹਨਾਂ ਨੂੰ ਇਹ ਡਰ ਸੀ ਇਹ ਜੋ ਪੰਜਾਬ ਵਿਚੋਂ ਆ ਰਹੇ ਹਨ, ਮਤੇ ਇਹ ਗਦਰ ਪਾਰਟੀ ਦੇ ਮੈਂਬਰ ਹੋਣ। ਸ਼ਾਇਦ ਇਹਨਾਂ ਕੋਲ ਇਹੋ ਜਿਹੀ ਕੋਈ ਚੀਜ਼ ਨਾ ਹੋਵੇ, ਜਿਸ ਨਾਲ ਇਹ ਕਿਸੇ ਪ੍ਰਕਾਰ ਦੀ ਸ਼ਰਾਰਤ ਕਰ ਸਕਣ। ਪੁਲਸ ਦਾ ਪਹਿਰਾ ਬੜਾ ਕਰੜਾ ਸੀ। ਨਾਗਪੁਰ ਵਿਚ ਰਹਿਣ ਵਾਲੇ ਪੰਜਾਬੀ ਤੇ ਗੁਰਸਿਖ ਜਾਣਦੇ ਸਨ ਕਿ ਇਹ ਪੁਲਸ ਕਿਸੇ ਖਾਸ ਮਤਲਬ ਲਈ ਹੀ ਖੜੀ ਕੀਤੀ ਗਈ ਸੀ, ਪਰ ਵਿਚਾਰੇ ਕੀ ਕਰ ਸਕਦੇ ਸਨ।

ਇਸ ਸਮੇਂ ਪੰਜਾਬੀ ਲਾਈਨ ਵਿਚ ਨਾਰੰਗਵਾਲ ਦੇ ਇਕ ਸੱਜਣ ਸਰਕਾਰੀ ਅਫਸਰ ਸਨ, ਜੋ ਨਾਗਪੁਰ ਵਿਚ ਹੀ ਲਗੇ ਹੋਏ ਸਨ। ਭਾਈ ਸਾਹਿਬ ਜੀ ਦਾ ਸਾਰਾ ਪ੍ਰਵਾਰ ਉਹਨਾਂ ਦਾ ਪਤਾ ਕਰ ਕੇ ਉਹਨਾਂ ਦੇ ਘਰ ਚਲਾ ਗਿਆ। ਹੁਣ ਪੁਲਸ ਵਾਲੇ ਕੀ ਕਰ ਸਕਦੇ ਸਨ? ਉਹਨਾਂ ਦੇ ਦਿਲਾਂ ਦੀਆਂ ਦਿਲ ਵਿਚ ਹੀ ਰਹਿ ਗਈਆਂ। ਇਹ ਸਿਖ ਸਰਦਾਰ ਸਰਕਾਰੀ ਓਵਰਸੀਅਰ ਸੀ। ਆਪਣੇ ਪਿੰਡੋਂ ਆਏ ਭਾਈ ਸਾਹਿਬ ਜੀ ਦੇ ਪ੍ਰਵਾਰ ਨੂੰ ਆਪਣੇ ਘਰ ਆਇਆਂ ਦੇਖ ਕੇ ਉਸ ਨੂੰ ਚੰਦ ਚੜ੍ਹ ਗਿਆ ਅਤੇ ਉਸ ਨੇ ਆਪਣੇ ਵਿਤ ਅਨੁਸਾਰ ਇਹਨਾਂ

ਦੀ ਕਾਫੀ ਸੇਵਾ ਕੀਤੀ। ਇਸ ਗੁਰਮੁਖ ਨੂੰ ਪਤਾ ਸੀ ਕਿ ਸਰਕਾਰੀ ਕਰਮਚਾਰੀ ਭਾਈ ਸਾਹਿਬ ਜੀ ਨੂੰ ਨਿਹਾਇਤ ਖਤਰਨਾਕ ਸਮਝਦੇ ਸਨ ਅਤੇ ਇਨ੍ਹਾਂ ਦੇ ਪਰਿਵਾਰ ਦੇ ਇਸ ਦੇ ਘਰ ਆ ਜਾਣ ਕਰਕੇ ਉਹ ਵੀ ਸਰਕਾਰ ਦੀਆਂ ਨਜ਼ਰਾਂ ਵਿਚ ਸ਼ੱਕੀ ਹੋ ਜਾਏਗਾ, ਪਰ ਇਸ ਗੁਰਮੁਖ ਨੇ ਇਸ ਗਲ ਵਲ ਰਤਾ ਧਿਆਨ ਨਾ ਦਿਤਾ ਅਤੇ ਇਨ੍ਹਾਂ ਦੀ ਤਨੋਂ ਮਨੋਂ ਸੇਵਾ ਕਰਦਾ ਰਿਹਾ।

ਅਗਲੇ ਦਿਨ ਮੁਲਾਕਾਤ ਲਈ ਸਮਾਂ ਨੀਯਤ ਹੋਇਆ। ਇਹ ਸ਼ੇਰ ਦਿਲ ਓਵਰਸੀਅਰ ਸਰਕਾਰੀ ਅਫਸਰਾਂ ਦੀ ਕ੍ਰੋਪੀ ਦੀ ਪਰਵਾਹ ਨਾ ਕਰਦਾ ਹੋਇਆ ਸਾਰੇ ਪਰਿਵਾਰ ਨਾਲ ਆਪ ਵੀ ਮੁਲਾਕਾਤ ਕਰਨ ਲਈ ਗਿਆ। ਮੁਲਾਕਾਤ ਦਾ ਸਮਾਂ ਆ ਗਿਆ। ਜੇਲ੍ਹ ਦੀਆਂ ਸੀਖਾਂ ਦੇ ਅੰਦਰਵਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੂਰਨ ਗੁਰਸਿਖਾਂ ਵਾਲੀ ਸ਼ਾਨ ਵਿਚ, ਆਪਣੇ ਜਲਾਲੀ ਚਿਹਰੇ ਤੋਂ ਹੰਸੂ ਹੰਸੂ ਕਰਦੇ ਖੜੇ ਸਨ। ਇਕ ਪਾਸੇ ਦੋ ਕੁਰਸੀਆਂ ਪਈਆਂ ਸਨ। ਇਕ ਕੁਰਸੀ ਉਤੇ ਪੰਜਾਬੀ ਸਮਝਣ ਵਾਲੇ ਇਕ ਸਰਕਾਰੀ ਅਫਸਰ ਬੈਠੇ ਸਨ ਅਤੇ ਦੂਸਰੀ ਉਤੇ ਇਕ ਮੁਸਲਮਾਨ ਪੁਲੀਸ ਇੰਸਪੈਕਟਰ ਬੈਠੇ ਹੋਏ ਸਨ। ਅੱਜ ਜੇਲ੍ਹ ਦਾ ਆਲਾ ਦੁਆਲਾ ਖਾਸ ਤੌਰ ਤੇ ਸਾਫ ਕਰਾਇਆ ਹੋਇਆ ਸੀ ਤੇ ਫੁਲਾਂ ਵਾਲੇ ਗਮਲੇ ਰਖਵਾਏ ਗਏ ਸਨ।

ਜੇਲਰ ਦਾ ਕਮਰਾ ਖਾਸ ਤੌਰ ਉਤੇ ਸਜਾਇਆ ਗਿਆ

ਸੀ। ਵਿਚਕਾਰ ਇਕ ਲੰਮਾ ਸਾਰਾ ਮੇਜ਼ ਡਹਾਇਆ ਗਿਆ ਸੀ, ਜਿਸ ਦੇ ਦੋਹੀਂ ਪਾਸੀਂ ਕੋਈ ਡੇਢ ਕੁ ਦਰਜਨ ਕੁਰਸੀਆਂ ਪਈਆਂ ਸਨ। ਇਸ ਮੇਜ਼ ਦੇ ਇਕ ਪਾਸੇ ਜੇਲਰ ਇਕ ਸ਼ਾਨਦਾਰ ਕੁਰਸੀ ਉਪਰ ਬੈਠਾ ਸੀ। ਸੱਜੇ ਪਾਸੇ ਦੀਆਂ ਕੁਰਸੀਆਂ ਉਤੇ ਸਾਰੇ ਮੁਲਾਕਾਤੀ ਬੈਠੇ ਸਨ ਅਤੇ ਖੱਬੇ ਪਾਸੇ ਵਲ ਇਕ ਕੁਰਸੀ ਉਪਰ ਭਾਈ ਸਾਹਿਬ ਜੀ ਅਤੇ ਦੋ ਕੁਰਸੀਆਂ ਉਪਰ ਉਹ ਦੋਵੇਂ ਪੁਲੀਸ ਇੰਸਪੈਕਟਰ ਬੈਠੇ ਸਨ। ਇਸ ਸਮੇਂ ਦਾ ਦ੍ਰਿਸ਼ ਬੜਾ ਹੀ ਅਜੀਬ ਤੇ ਪ੍ਰਭਾਵਸ਼ਾਲੀ ਸੀ। ਇਸ ਮੁਲਾਕਾਤ ਸਮੇਂ ਸਾਰੇ ਮੁਲਾਕਾਤੀ ਖੜੇ ਹੋ ਗਏ, ਭਾਈ ਸਾਹਿਬ ਜੀ ਨੇ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਆਪਣੇ ਬਾਰਾਂ ਸਾਲ ਦੇ ਸਪੁਤਰ ਅਤੇ ਦਸ ਸਾਲ ਦੀ ਸਪੁਤਰੀ ਦਿਆਂ ਸਿਰਾਂ ਉਤੇ ਪਿਆਰ ਦੇਣ ਲਈ ਆਪਣਾ ਹੱਥ ਵਧਾਇਆ ਤਾਂ ਜੇਲਰ ਨੇ ਆਪਣੀਆਂ ਲੱਤਾਂ ਤੇ ਬਾਹਾਂ ਵਿਚਕਾਰ ਪਸਾਰ ਦਿਤੀਆਂ।

ਭਾਈ ਸਾਹਿਬ ਜੀ ਤੇ ਬਾਕੀ ਸਾਰੇ ਹੈਰਾਨ ਹੋ ਰਹੇ ਸਨ ਕਿ ਉਹ ਭਾਈ ਸਾਹਿਬ ਜੀ, ਜਿਹੜੇ ਆਪਣੇ ਨਿਕੇ ਨਿਕੇ ਦੁਧ ਪੀਂਦੇ ਬਚਿਆਂ ਨੂੰ ਛਡ ਕੇ ਜੇਲ੍ਹ ਯਾਤਰਾ ਲਈ ਭੇਜੇ ਗਏ ਸਨ ਅਤੇ ਹੁਣ ਦਸਾਂ ਵਰ੍ਹਿਆਂ ਪਿਛੋਂ ਉਨ੍ਹਾਂ ਨੂੰ ਦੇਖਣ, ਮਿਲਣ ਤੇ ਸਿਰਾਂ ਉਤੇ ਪਿਆਰ ਦੇਣ ਦਾ ਮੌਕਾ ਮਿਲਿਆ ਸੀ, ਇਸ ਨਿਰਦਈ ਜੇਲਰ ਨੇ ਇਨ੍ਹਾਂ ਦੇ ਵਿਚਕਾਰ ਇਸ ਤਰ੍ਹਾਂ ਲੱਤਾਂ ਕਿਉਂ ਡਾਹ ਦਿਤੀਆਂ।

ਇਸ ਸਮੇਂ ਜੇਲਰ ਕੜਕ ਕੇ ਬੋਲਿਆ–ਦੂਰ ਸੇ ਬਾਤੇਂ ਕਰੋ, ਬੱਚੋਂ ਸੇ ਪਿਆਰ ਨਹੀਂ ਕੀਆ ਜਾ ਸਕਤਾ । ਮੁਝੇ ਐਸਾ ਹੀ ਹੁਕਮ ਹੂਆ ਹੈ, ਨਰਾਜ਼ ਨਹੀਂ ਹੋਣਾ, ਯੇਹ ਕਾਨੂੰਨ ਹੀ ਐਸਾ ਹੈ । ਸੁਪ੍ਰਿੰਟੰਡੰਟ ਸਾਹਿਬ ਨੇ ਐਸਾ ਹੀ ਕਹਾ ਹੈ ।

ਭਾਈ ਸਾਹਿਬ ਉਸ ਵੇਲੇ ਸੁਪ੍ਰਿੰਟੰਡੰਟ ਦੇ ਕਮਰੇ ਵਿਚ ਗਏ। ਸਾਰੀ ਗਲ ਦਸੀ ਅਤੇ ਕਿਹਾ ਕਿ ਕੀ ਮੈਂ ਆਪਣੇ ਬੱਚਿਆਂ ਦੇ ਸਿਰਾਂ ਉਤੇ ਪਿਆਰ ਨਹੀਂ ਦੇ ਸਕਦਾ ? ਇਹ ਸੁਣ ਕੇ ਸੁਪ੍ਰਿੰਟੰਡੰਟ ਸਾਹਿਬ ਨੇ ਕਿਹਾ ਕਿ ਮੈਂ ਜੇਲਰ ਨੂੰ ਜੋ ਅਖਤਿਆਰ ਦੇਣੇ ਸਨ, ਦੇ ਚੁਕਾ ਹਾਂ, ਹੁਣ ਮੈਂ ਉਸ ਦੇ ਕੰਮ ਵਿਚ ਦਖਲ ਨਹੀਂ ਦੇ ਸਕਦਾ, ਉਹ ਜੋ ਕਰਨਾ ਚਾਹੇ ਸਭ ਠੀਕ ਹੈ ।

ਭਾਈ ਸਾਹਿਬ ਵਾਪਸ ਆ ਗਏ ਅਤੇ ਬੜੇ ਕ੍ਰੋਧ ਨਾਲ ਜੇਲਰ ਨੂੰ ਕਿਹਾ, "ਕੀ ਤੁਸੀਂ ਮੁਲਾਕਾਤ ਕਰਨ ਦੇਣੀ ਹੈ ਜਾਂ ਨਹੀਂ ?"

"ਹਾਂ ਹਾਂ, ਮੁਲਾਕਾਤ ਕਰੋ । ਮੁਲਾਕਾਤ ਕਰਨ ਮਗਰੋਂ ਪਿਆਰ ਵੀ ਦੇ ਲੈਣਾ ।" ਜੇਲਰ ਨੇ ਕਿਹਾ।

ਇਹ ਗਲ ਸੁਣ ਕੇ ਉਹ ਇੰਸਪੈਕਟਰ ਪੁਲੀਸ ਵੀ ਬੋਲ ਪਏ ਕਿ ਤੁਸੀਂ ਮੁਲਾਕਾਤ ਕਰੋ, ਵਕਤ ਨਾ ਗਵਾਓ, ਪਿਛੋਂ ਪਿਆਰ ਵੀ ਕਰ ਲੈਣਾ ।

ਸਾਰੇ ਮੁਲਾਕਾਤੀ ਅਤੇ ਭਾਈ ਸਾਹਿਬ ਆਪਣੀਆਂ ਆਪਣੀਆਂ ਕੁਰਸੀਆਂ ਉਤੇ ਬੈਠ ਗਏ। ਅਜੇ ਪੰਦਰਾਂ ਮਿੰਟ

ਹੀ ਹੋਏ ਹੋਣਗੇ ਕਿ ਜੇਲਰ ਨੇ ਘੜੀ ਦੇਖਦਿਆਂ ਕਿਹਾ ਕਿ ਅੱਧਾ ਘੰਟਾ ਹੋ ਗਿਆ ਹੈ। ਭਾਈ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਤਾਂ ਕਿਹਾ ਸੀ ਕਿ ਮੁਲਾਕਾਤ ਲਈ ਖੁਲ੍ਹਾ ਵਕਤ ਦਿਤਾ ਜਾਵੇਗਾ। ਜੇਲਰ ਨੇ ਕਿਹਾ ਕਿ ਇਕਰਾਰ ਤਾਂ ਸੁਪ੍ਰਿੰਟੰਡੰਟ ਨੇ ਕੀਤਾ ਹੋਵੇਗਾ, ਮੈਂ ਨਹੀਂ ਕੀਤਾ। ਉਨ੍ਹਾਂ ਕੋਲੋਂ ਪੁਛੋ।

ਭਾਈ ਸਾਹਿਬ ਸੁਪ੍ਰਿੰਟੰਡੰਟ ਸਾਹਿਬ ਕੋਲ ਗਏ ਅਤੇ ਕੜਕ ਕੇ ਬੋਲੇ ਕਿ ਇਹ ਕੀ ਮਖੌਲ ਕੀਤਾ ਜਾ ਰਿਹਾ ਹੈ। ਆਪ ਨੇ ਤਾਂ ਕਿਹਾ ਸੀ ਕਿ ਮੁਲਾਕਾਤ ਲਈ ਖੁਲ੍ਹਾ ਵਕਤ ਦਿਤਾ ਜਾਵੇਗਾ।

ਭਾਈ ਸਾਹਿਬ ਨੂੰ ਸੰਬੋਧਨ ਕਰਦਿਆਂ ਸੁਪ੍ਰਿੰਟੰਡੰਟ ਨੇ ਕਿਹਾ ਉਸ ਨੂੰ ਪੂਰੇ ਅਧਿਕਾਰ ਹਨ, ਉਹ ਜਿੰਨਾ ਸਮਾਂ ਚਾਹੇ ਦੇ ਸਕਦਾ ਹੈ। ਇਸ ਤਰ੍ਹਾਂ ਮੇਰੀ ਪੁਜ਼ੀਸ਼ਨ ਬੜੀ ਖਰਾਬ ਹੋ ਰਹੀ ਹੈ, ਤੁਸੀਂ ਉਸੇ ਨੂੰ ਕਹੋ ਉਹ ਸਭ ਕੁਝ ਕਰ ਸਕਦਾ ਹੈ।

ਭਾਈ ਸਾਹਿਬ ਜੀ ਨੇ ਸੁਪ੍ਰਿੰਟੰਡੰਟ ਨੂੰ ਖਰੀਆਂ ਖਰੀਆਂ ਸੁਣਾਈਆਂ। ਅੰਤ ਮੁਲਾਕਾਤ ਹੋਈ, ਗਲਾਂ ਬਾਤਾਂ ਹੁੰਦੀਆਂ ਰਹੀਆਂ। ਜੇਲਰ ਐਵੇਂ ਹੀ ਵਿਚੇ ਵਿਚ ਖਿਝਦਾ ਰਿਹਾ। ਮੁਲਾਕਾਤ ਮਗਰੋਂ ਭਾਈ ਸਾਹਿਬ ਨੇ ਬੱਚਿਆਂ ਦੇ ਸਿਰਾਂ ਉਤੇ ਪਿਆਰ ਦਿਤਾ। ਅੰਤ ਸਾਰੇ ਜਣੇ ਮੁਲਾਕਾਤ ਕਰਕੇ ਵਾਪਸ ਆ ਗਏ।

ਅਗਲੇ ਦਿਨ ਭਾਈ ਸਾਹਿਬ ਜੀ ਦਾ ਸਾਰਾ ਪਰਿਵਾਰ ਪੰਜਾਬ ਵਲ ਵਾਪਸ ਮੁੜਿਆ। ਉਨ੍ਹਾਂ ਨੇ ਪੰਜਾਬ ਮੁੜਨ

ਮਗਰੋਂ ਪੁਲਸ ਨੇ ਉਸ ਓਵਰਸੀਅਰ ਸਰਦਾਰ ਦਾ ਘਰ ਜਾ ਘੇਰਿਆ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ, ਜਿਵੇਂ ਪੁਲੀਸ ਵਾਲੇ ਉਨ੍ਹਾਂ ਦੇ ਘਰ ਛਾਪਾ ਮਾਰ ਕੇ ਤਲਾਸ਼ੀ ਕਰਨ ਆਏ ਹਨ ਕਿ ਸ਼ਾਇਦ ਪੰਜਾਬੋਂ ਆਏ ਲੋਕ ਇਨ੍ਹਾਂ ਨੂੰ ਕੋਈ ਐਸੀ ਵੈਸੀ ਚੀਜ਼ ਨਾ ਦੇ ਗਏ ਹੋਣ ਭਾਵੇਂ ਉਹ ਸਰਕਾਰੀ ਓਵਰਸੀਅਰ ਸੀ, ਪਰ ਸਿਖ ਹੋਣ ਕਰਕੇ ਉਸ ਉਤੇ ਐਨਾ ਸ਼ੱਕ ਕਰ ਰਹੇ ਸਨ।

ਉਹ ਸਰਦਾਰ ਆਪਣੇ ਦਫਤਰ ਗਿਆ ਹੋਇਆ ਸੀ। ਉਸ ਨੂੰ ਪਤਾ ਲਗਾ। ਉਸ ਨੇ ਆਪਣੇ ਐਗਜ਼ੈਕਟਿਵ ਐਨਜੀਨੀਅਰ ਨਾਲ ਗਲ ਕੀਤੀ ਕਿ ਸਾਡੇ ਪਿੰਡ ਦੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਗਪੁਰ ਜੇਲ੍ਹ ਵਿਚ ਹਨ ਅਤੇ ਉਨ੍ਹਾਂ ਦੇ ਉਤੇ ਗਦਰ ਪਾਰਟੀ ਦੇ ਮੈਂਬਰ ਹੋਣ ਦਾ ਦੋਸ਼ ਲਾਇਆ ਗਿਆ ਹੈ। ਇਸ ਲਈ ਆਪ ਦਸ ਬਾਰਾਂ ਸਾਲਾਂ ਤੋਂ ਜੇਲ੍ਹ ਵਿਚ ਹਨ। ਨਾਗਪੁਰ ਜੇਲ੍ਹ ਵਿਚ ਛੇ ਸਤ ਸਾਲ ਤੋਂ ਹਨ ਅਤੇ ਉਨ੍ਹਾਂ ਉਤੇ ਬੜੀ ਸਖਤੀ ਕੀਤੀ ਜਾ ਰਹੀ ਹੈ। ਮੈਂ ਵੀ ਉਨ੍ਹਾਂ ਦੇ ਪਰਿਵਾਰ ਦੇ ਨਾਲ ਮੁਲਾਕਾਤ ਕਰਨ ਗਿਆ ਸੀ, ਜਿਸ ਕਰਕੇ ਪੁਲਸ ਮੈਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਣ ਲਗ ਪਈ ਹੈ। ਐਗਜ਼ੈਕਟਿਵ ਐਨਜੀਨੀਅਰ ਇਕ ਅੰਗਰੇਜ਼ ਸੀ, ਉਸ ਨੇ ਸੁਪ੍ਰਿੰਟੰਡੰਟ ਪੁਲਸ ਨੂੰ ਟੈਲੀਫੂਨ ਕੀਤਾ ਕਿ ਪੁਲਸ ਸਾਡੇ ਆਦਮੀ ਨੂੰ ਐਵੇਂ ਤੰਗ ਕਰ ਰਹੀ ਹੈ, ਇਸ ਲਈ ਪੁਲਸ ਨੂੰ ਰੋਕਿਆ ਜਾਵੇ।

ਜਦੋਂ ਉਹ ਸਰਦਾਰ ਸਾਹਿਬ ਸ਼ਾਮ ਨੂੰ ਘਰ ਪਹੁੰਚੇ ਤਾਂ

ਪੁਲਸ ਅਜੇ ਵੀ ਉਨ੍ਹਾਂ ਦੇ ਮਕਾਨ ਅਗੇ ਬੈਠੀ ਹੋਈ ਸੀ। ਜਦੋਂ ਆਪ ਘਰ ਦੇ ਦਰਵਾਜ਼ੇ ਅੰਦਰ ਜਾਣ ਲਗੇ ਤਾਂ ਇਕ ਥਾਨੇਦਾਰ ਨੇ ਇਨ੍ਹਾਂ ਕੋਲੋਂ ਨਾਂ ਪੁਛਿਆ ਅਤੇ ਇਨ੍ਹਾਂ ਦੇ ਦਫਤਰ ਦਾ ਪਤਾ ਪੁਛਿਆ। ਅਜੇ ਇਹ ਗਲਾਂ ਹੋ ਹੀ ਰਹੀਆਂ ਸਨ ਕਿ ਇਕ ਸਿਪਾਹੀ ਆਇਆ, ਉਸ ਨੇ ਥਾਨੇਦਾਰ ਨੂੰ ਰਤਾ ਪਰੇ ਕਰਕੇ ਕੋਈ ਗਲ ਕਹੀ। ਥਾਨੇਦਾਰ ਨੇ ਦਰਵਾਜ਼ੇ ਅਗੇ ਖੜੇ ਸਿਪਾਹੀਆਂ ਨੂੰ ਵਾਪਸ ਜਾਣ ਲਈ ਕਿਹਾ। ਉਹ ਚਲੇ ਗਏ।

ਸਰਦਾਰ ਸਾਹਿਬ ਨੇ ਥਾਨੇਦਾਰ ਕੋਲੋਂ ਪੁਛਿਆ, 'ਕਿਉਂ ਕੀ ਗਲ ਹੈ?' ਥਾਨੇਦਾਰ ਕੋਈ ਉਤਰ ਦਿਤੇ ਬਿਨਾਂ ਹੀ ਉਸ ਆਏ ਸਿਪਾਹੀ ਨਾਲ ਤੁਰ ਗਿਆ।

ਭਾਵੇਂ ਨਾਗਪੁਰ ਜੇਲ ਦੀ ਯਾਤਰਾ ਅਤਿ ਦਰਜੇ ਦੀ ਦੁਖਦਾਈ ਅਤੇ ਭਿਆਨਕ ਸੀ, ਤਦ ਵੀ ਆਪ 'ਤੇਰਾ ਭਾਣਾ ਮੀਠਾ ਲਾਗੇ' ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਦਾ ਹਜ਼ਾਰ ਹਜ਼ਾਰ ਸ਼ੁਕਰ ਕਰਦੇ ਅਤੇ ਉਸ ਦੀ ਯਾਦ ਵਿਚ ਰਾਤ ਦਿਨੇ ਮਗਨ ਰਹਿੰਦੇ ਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦੇ ਹੋਏ ਜੇਲ ਯਾਤਰਾ ਦੇ ਦਿਨ ਚੜ੍ਹਦੀ ਕਲਾ ਵਿਚ ਰਹਿ ਕੇ ਬਤੀਤ ਕਰਦੇ ਰਹੇ। ਇਸ ਸਮੇਂ ਆਪ ਨੇ ਜੇਲ ਵਿਚ ਹੀ 'ਜੋਤਿ ਵਿਆਸ' ਨਾਮੀ ਪੁਸਤਕ ਲਿਖੀ। ਇਹ ਪੁਸਤਕ ਕਵਿਤਾ ਦੀ ਹੈ ਅਤੇ ਇਸ ਵਿਚ ਕਵਿਤਾ ਦੇ ਲਗ ਪਗ ਚਾਰ ਹਜ਼ਾਰ ਬੰਦ ਹਨ। ਆਪ ਪਾਸ ਕਾਗਜ਼ ਕਲਮ ਦਵਾਤ ਹੈ ਈ ਨਹੀਂ ਸੀ ਤੇ ਜੇਲ ਦੇ ਕਰਮਚਾਰੀ ਆਪ ਜੀ ਦੇ ਵੈਰੀ ਬਣੇ ਹੋਏ ਸਨ,

ਜਿਸ ਕਰਕੇ ਆਪ ਕਵਿਤਾ ਲਿਖਣ ਲਈ ਕਾਗਜ਼, ਕਲਮ ਦਵਾਤ ਆਦਿ ਬਾਹਰੋਂ ਵੀ ਪ੍ਰਾਪਤ ਨਾ ਕਰ ਸਕੇ। ਇਸ ਸਮੇਂ ਆਪ ਜੀ ਦੇ ਪਾਸ ਚਾਰ ਪੰਜ ਪੁਸਤਕਾਂ ਹੀ ਸਨ। ਇਨ੍ਹਾਂ ਵਿਚ ਇਕ ਪੋਥੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਸੀ, ਜੋ ਵਡੇ ਅਕਾਰ ਦੀ ਸੀ। ਇਸ ਪੋਥੀ ਦੇ ਹਰ ਵਰਕੇ ਤੇ ਹਾਸ਼ੀਏ ਦੇ ਆਲੇ ਦੁਆਲੇ ਕਾਫੀ ਕਾਗਜ਼ ਸੀ, ਜਿਸ ਉਤੇ ਆਪ ਜੀ ਨੇ ਇਕ ਪੈਨਸਲ ਨਾਲ ਹੀ ਕਵਿਤਾ ਦੀ ਇਹ ਮਹਾਨ ਪੁਸਤਕ ਲਿਖ ਲਈ। ਇਹ ਪੁਸਤਕ ਆਤਮ ਗਿਆਨ ਦੀ ਇਕ ਮਹਾਨ ਪੁਸਤਕ ਹੈ, ਜਿਸ ਵਿਚ ਕਈ ਪ੍ਰਕਾਰ ਦੇ ਚਮਤਕਾਰ ਹਨ।

ਇਸ ਤਰ੍ਹਾਂ ਭਾਈ ਸਾਹਿਬ ਜੀ ਲਗ ਪਗ ਸੋਲਾਂ ਵਰ੍ਹੇ ਜੇਲ ਵਿਚ ਰਹੇ ਅਤੇ ਆਪਣੇ ਹੱਥੀਂ ਆਪਣਾ ਭੋਜਨ ਤਿਆਰ ਕਰਨ ਦੀ ਆਗਿਆ ਨਾ ਮਿਲਣ ਕਰਕੇ ਆਪ ਨੂੰ ਵਖ ਵਖ ਜੇਲਾਂ ਵਿਚ ਦਸ ਵਾਰੀ ਭੁਖ ਹੜਤਾਲ ਕਰਨੀ ਪਈ। ਆਪ ਜੀ ਨਾਲ ਨਾਗਪੁਰ ਜੇਲ ਵਿਚ ਜਿੰਨੀ ਸਖਤੀ ਕੀਤੀ ਗਈ, ਏਨੀ ਕਿਸੇ ਹੋਰ ਜੇਲ ਵਿਚ ਨਹੀਂ ਹੋਈ। ਇਹ ਠੀਕ ਹੈ ਜੇਲਾਂ ਵਿਚ ਕਈ ਅਫਸਰ ਤੇ ਕਰਮਚਾਰੀ ਬੜੇ ਜ਼ਾਲਮ ਤੇ ਨਿਰਦਈ ਵੀ ਸਨ, ਪਰ ਬਹੁਤੇ ਅਫਸਰ ਬੜੇ ਨੇਕ ਤੇ ਤਰਸ ਵਾਲੇ ਵੀ ਸਨ। ਲੁਧਿਆਣਾ ਡਿਸਟ੍ਰਿਕਟ ਜੇਲ ਵਿਚ ਭਾਈ ਸਾਹਿਬ ਬੜੇ ਆਨੰਦ ਨਾਲ ਰਹਿੰਦੇ ਰਹੇ। ਇਸ ਜੇਲ ਦੇ ਕਰਮਚਾਰੀ ਗੁਪਾਲ ਦਾਸ ਦਰੋਗਾ, ਏਥੋਂ ਦਾ ਸੁਪ੍ਰਿੰਟੰਡੰਟ ਅਤੇ ਡਾਕਟਰ ਜਿਸ ਦਾ ਨਾਂ ਸ੍ਰੀ ਰਾਮ ਸੀ, ਸਚ ਮੁਚ ਹੀ ਬੜੇ ਨੇਕ ਅਤੇ

ਧਰਮਾਤਮਾ ਆਦਮੀ ਸਨ। ਇਨ੍ਹਾਂ ਨੇ ਭਾਈ ਸਾਹਿਬ ਜੀ ਨਾਲ ਹਰ ਪ੍ਰਕਾਰ ਇਨਸਾਨਾਂ ਵਾਲਾ ਸਲੂਕ ਕੀਤਾ ਤੇ ਆਪ ਦਾ ਸਤਿਕਾਰ ਵੀ ਕਰਦੇ ਰਹੇ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਭਾਈ ਸਾਹਿਬ ਦਾ ਮਾਨ ਤੇ ਸਤਿਕਾਰ ਸਾਰੇ ਜ਼ਿਲੇ ਵਿਚ ਬੜਾ ਮਹਾਨ ਸੀ।

ਲਾਹੌਰ ਸੈਂਟਰਲ ਜੇਲ ਵਿਚ ਵੀ ਭਾਈ ਸਾਹਿਬ ਜੀ ਨੂੰ ਕੋਈ ਖਾਸ ਤਕਲੀਫ ਨਹੀਂ ਸੀ ਹੋਈ। ਏਥੋਂ ਦਾ ਦਰੋਗਾ ਇਕ ਮੁਸਲਮਾਨ ਸੀ, ਜਿਸ ਦਾ ਨਾਂ ਨਵਾਬ ਬੇਗ ਸੀ। ਉਸ ਨੂੰ ਪਤਾ ਲਗ ਗਿਆ ਕਿ ਭਾਈ ਸਾਹਿਬ ਇਕ ਧਾਰਮਕ ਜੀਵਨ ਵਾਲੇ ਮਹਾਂ ਪੁਰਖ ਹਨ ਅਤੇ ਖੁਦਾ ਦੇ ਪਿਆਰੇ ਹਨ। ਆਮ ਮੁਸਲਮਾਨ ਜਿਨ੍ਹਾਂ ਦੇ ਦਿਲਾਂ ਅੰਦਰ ਖੁਦਾ ਖੌਫ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਰੂਹਾਨੀਅਤ ਦਾ ਕੁਝ ਗਿਆਨ ਹੁੰਦਾ ਹੈ, ਉਹ ਰੱਬ ਦੇ ਪਿਆਰਿਆਂ ਦਾ ਬੜਾ ਆਦਰ ਮਾਨ ਤੇ ਸਤਿਕਾਰ ਕਰਦੇ ਹਨ। ਇਹੋ ਹਾਲਤ ਇਸ ਦਰੋਗੇ ਦੀ ਸੀ। ਇਸ ਨੂੰ ਭਾਈ ਸਾਹਿਬ ਜੀ ਦੇ ਧਾਰਮਕ ਜੀਵਨ ਅਤੇ ਇਨ੍ਹਾਂ ਦੀ ਪ੍ਰੇਮਾ ਭਗਤੀ ਤੇ ਮਿਠੇ ਵਰਤਾਵ ਦਾ ਤਾਂ ਪਤਾ ਲਗ ਹੀ ਚੁਕਾ ਸੀ, ਇਸ ਲਈ ਇਹ ਭਾਈ ਸਾਹਿਬ ਜੀ ਦੀ ਸੇਵਾ ਕਰਨ ਲਈ ਹਰਦਮ ਤਿਆਰ ਰਹਿੰਦਾ ਸੀ। ਭਾਈ ਸਾਹਿਬ ਇਸ ਨੂੰ ਜੋ ਕਹਿੰਦੇ ਉਹ ਖਿੜੇ ਮਥੇ ਪ੍ਰਵਾਨ ਕਰਦਾ। ਜੇਲ ਯਾਤਰਾ ਸਮੇਂ ਭਾਈ ਸਾਹਿਬ ਜੀ ਨੇ ਪ੍ਰਤੀਤ ਕੀਤਾ ਕਿ ਜਿੰਨਾ ਰੱਬ ਦਾ ਖੌਫ ਮੁਸਲਮਾਨ ਹਿਰਦੇ ਅੰਦਰ ਸੀ, ਆਰੀਆ ਸਮਾਜੀ ਅਫਸਰ

ਓਨੇ ਹੀ ਸਖਤ, ਨਿਰਦਈ ਅਤੇ ਸਖਤ ਸੁਭਾ ਵਾਲੇ ਹੁੰਦੇ ਹਨ।

ਮੁਲਤਾਨ ਜੇਲ੍ਹ ਦੇ ਅਫਸਰ ਆਪਣੀਆਂ ਸਖਤੀਆਂ ਅਤੇ ਅਤਿਆਚਾਰਾ ਕਰਕੇ ਬੜੇ ਬਦਨਾਮ ਹੋ ਚੁਕੇ ਸਨ। ਇਹਨਾਂ ਨੇ ਭਾਈ ਸਾਹਿਬ ਨਾਲ ਵੀ ਬੁਰਾ ਸਲੂਕ ਕੀਤਾ। ਹਜ਼ਾਰੀ ਬਾਗ ਜੇਲ੍ਹ ਦੀ ਅਵਸਥਾ ਬੜੀ ਅਜੀਬ ਸੀ। ਇਥੋਂ ਦੀਆਂ ਜੇਲ੍ਹਾਂ ਦੇ ਇਨਸਪੈਕਟਰ ਬਾਵਾ ਸਿੰਘ ਜੀ ਪੂਰਨ ਗੁਰਸਿਖ ਸਨ। ਉਹਨਾਂ ਦੇ ਹਿਰਦੇ ਅੰਦਰ ਭਾਈ ਸਾਹਿਬ ਜੀ ਦਾ ਬੜਾ ਸਤਿਕਾਰ ਸੀ। ਸਾਰੇ ਕੈਦੀ ਹੀ ਬਾਵਾ ਜੀ ਦੀ ਵਡਿਆਈ ਕਰਦੇ ਸਨ। ਇਥੋਂ ਦੀ ਜੇਲ੍ਹ ਦਾ ਦਰੋਗਾ ਵਧਾਵਾ ਰਾਮ ਇਕ ਆਰੀਆ ਸਮਾਜੀ ਖਿਆਲਾਂ ਦਾ ਸੀ, ਇਹ ਭਾਈ ਸਾਹਿਬ ਜੀ ਨੂੰ ਚੰਗੀ ਤਰ੍ਹਾਂ ਸਮਝ ਨਾ ਸਕਿਆ। ਇਸ ਦੀ ਬੇਸਮਝੀ ਦੇ ਕਾਰਨ ਜੇਲ੍ਹ ਵਿਚ ਕਈ ਵੇਰੀ ਕਲੇਸ਼ ਖੜਾ ਹੋ ਗਿਆ। ਜੇਲ੍ਹ ਵਿਚ ਕਈ ਵਾਰੀ ਭੁਖ ਹੜਤਾਲਾਂ ਹੋਈਆਂ ਤੇ ਇਸ ਦੀ ਬਦ - ਸਲੂਕੀ ਕਰ ਕੇ ਬਹੁਤ ਸਾਰੇ ਕੈਦੀ ਇਸ ਦੇ ਵਿਰੁਧ ਹੋ ਚੁਕੇ ਸਨ।

ਭਾਰਤ ਦੀਆਂ ਸਾਰੀਆਂ ਜੇਲ੍ਹਾਂ ਵਿਚ ਜੋ ਅੰਗਰੇਜ਼ ਅਫਸਰ ਲਗੇ ਹੋਏ ਸਨ, ਉਹ ਲਗ ਪਗ ਸਾਰੇ ਹੀ ਨੇਕ ਤੇ ਸਮਝਦਾਰ ਸਨ। ਉਹ ਹਿੰਦੁਸਤਾਨੀ ਅਫਸਰਾਂ ਦੇ ਮੁਕਾਬਲੇ ਵਿਚ ਬੜੇ ਸ਼ਰੀਫ, ਸਮਝਦਾਰ, ਹਰ ਇਕ ਦਾ ਦੁਖ ਨਵਿਰਤ ਕਰਨ ਵਾਲੇ ਨੇਕ ਦਿਲ ਤੇ ਤਰਸਵਾਨ ਹੁੰਦੇ ਸਨ, ਇਸ ਲਈ ਇਹ

ਨਾਜਾਇਜ਼ ਤੌਰ ਤੇ ਕਿਸੇ ਨੂੰ ਅੰਵਾਈਂ ਤੰਗ ਨਹੀਂ ਸਨ ਕਰਦੇ। ਇਹਨਾਂ ਨੇ ਰਾਜਸੀ ਕੈਦੀਆਂ ਨੂੰ ਕਦੀ ਕੋਈ ਤਕਲੀਫ ਨਹੀਂ ਸੀ ਦਿਤੀ, ਅਤੇ ਨਾ ਹੀ ਆਪਣੇ ਲਈ ਕਦੀ ਕੋਈ ਮੁਸੀਬਤ ਸਹੇੜਦੇ। ਇਹ ਦੇਸੀ ਅਫਸਰ ਹੀ ਸਨ, ਜਿਹਨਾਂ ਵਿਚੋਂ ਖਾਸ ਕਰ ਕੇ ਆਰੀਆ ਸਮਾਜੀ ਖਿਆਲਾਂ ਦੇ ਅਫਸਰ ਜਿਹੜੇ ਆਪਣੇ ਅੰਗਰੇਜ਼ ਮਾਲਕਾਂ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਜਾਂ ਜਿਹੜੇ ਸਿਖਾਂ ਨਾਲ ਦਿਲੀ ਈਰਖਾ ਕਰਦੇ ਸਨ, ਉਹ ਸਿਖ ਰਾਜਸੀ ਕੈਦੀਆਂ ਉਤੇ ਕਈ ਪਰਕਾਰ ਦੇ ਜ਼ੁਲਮ ਕਰਦੇ ਸਨ। ਅਪਰੈਲ ੧੯੩੦ ਦੇ ਅਖੀਰ ਵਿਚ ਇਕ ਅੰਗਰੇਜ਼ ਪਾਦਰੀ ਨਾਗਪੁਰ ਜੇਲ੍ਹ ਵਿਚ ਆਇਆ ਅਤੇ ਉਹ ਬਹੁਤ ਸਾਰੇ ਰਾਜਸੀ ਤੇ ਅਖਲਾਕੀ ਕੈਦੀਆਂ ਨੂੰ ਮਿਲਿਆ। ਉਹ ਭਾਈ ਸਾਹਿਬ ਜੀ ਨਾਲ ਕਈ ਘੰਟੇ ਗਲਾਂ ਬਾਤਾਂ ਕਰਦਾ ਰਿਹਾ ਅਤੇ ਉਸ ਨੂੰ ਇਸ ਗਲ ਦਾ ਪੂਰਨ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਹਰ ਸਮੇਂ ਇਸ ਤਰ੍ਹਾਂ ਪਰਤੀਤ ਕਰਦੇ ਸਨ, ਜਿਵੇਂ ਸਤਿਗੁਰੂ ਜੀ ਹਰ ਸਮੇਂ ਉਹਨਾਂ ਦੇ ਅੰਗ ਸੰਗ ਹੀ ਰਹਿੰਦੇ ਹਨ।

ਜਿਸ ਕਮਰੇ ਵਿਚ ਭਾਈ ਸਾਹਿਬ ਜੀ ਨੂੰ ਬੰਦ ਕੀਤਾ ਹੋਇਆ ਸੀ, ਇਸ ਤਰ੍ਹਾਂ ਦੀਆਂ ਹੋਰ ਵੀ ਕਈ ਕੋਠੀਆਂ ਸਨ। ਹਰ ਇਕ ਕੋਠੀ ਦਾ ਇਕੋ ਦਰਵਾਜ਼ਾ ਸੀ, ਹੋਰ ਨਾ ਕੋਈ ਬਾਰੀ ਤੇ ਨਾ ਕੋਈ ਝਰੋਖਾ ਸੀ। ਗਰਮੀ ਅਤਿ ਦਰਜੇ ਦੀ ਪੈ ਰਹੀ ਸੀ। ਇਹ ਈਸਾਈ ਪਾਦਰੀ ਅਮਰੀਕਨ ਮਿਸ਼ਨ ਦਾ ਸੀ

ਅਤੇ ਜੇਲ੍ਹ ਦੇ ਕੈਦੀਆਂ ਦੀ ਹਾਲਤ ਦੇਖਣ ਆਇਆ ਸੀ। ਇਹ ਪਾਦਰੀ ਵੀ ਬੜਾ ਰਬ ਦੇ ਡਰ ਵਾਲਾ ਸੀ ਅਤੇ ਧਾਰਮਿਕ ਖਿਆਲਾਂ ਦਾ ਆਦਮੀ ਸੀ। ਜਦੋਂ ਇਸ ਨੂੰ ਪਤਾ ਲਗਾ ਕਿ ਜੇਲ੍ਹ ਦੇ ਰਾਜਸੀ ਕੈਦੀਆਂ ਵਿਚ ਇਕ ਸਿਖ ਸੰਤ ਵੀ ਹਨ ਤਾਂ ਉਹ ਜੇਲਰ ਨੂੰ ਨਾਲ ਲੈ ਕੇ ਇਹਨਾਂ ਦੀ ਕੋਠੀ ਵਲ ਗਿਆ। ਅੱਗ ਵਰ੍ਹ ਰਹੀ ਸੀ, ਪਰ ਭਾਈ ਸਾਹਿਬ ਆਪਣੀ ਕੋਠੀ ਵਿਚ ਸਿਮਰਨ ਕਰ ਰਹੇ ਸਨ ਅਤੇ ਆਪਣੇ ਰੰਗ ਵਿਚ ਮਗਨ ਸਨ।

ਪਾਦਰੀ ਸਾਹਿਬ ਨੇ ਬਾਹਰੋਂ ਹੀ ਇਹਨਾਂ ਨੂੰ ਦੇਖਿਆ। ਚਿਹਰੇ ਦਾ ਨੂਰ ਤੇ ਜਲਾਲ ਦੇਖ ਕੇ ਹੈਰਾਨ ਰਹਿ ਗਿਆ। ਕੋਠੀ ਦੇ ਸਾਹਮਣੇ ਖਲੋ ਕੇ ਪੁਛਣ ਲਗਾ—'ਰਾਜ਼ੀ ਤੇ ਹੈਂ ?'

ਭਾਈ ਸਾਹਿਬ ਜੀ ਨੇ ਕਿਹਾ—'ਅੰਦਰ ਆ ਕੇ ਪੁਛੋ, ਬਾਹਰੋਂ ਕੀ ਪਤਾ ਲਗਦਾ ਹੈ ?'

ਇਸ ਵੇਲੇ ਆਲੇ ਦੁਆਲੇ ਕੜਕਦੀ ਧੁਪ ਪੈਂਦੀ ਸੀ, ਪਾਦਰੀ ਸਾਹਿਬ ਤੇ ਸੁਪ੍ਰਿੰਟੰਡੰਟ ਇਕ ਦਰਖਤ ਦੀ ਛਾਵੇਂ ਖੜੇ ਸਨ, ਭਾਵੇਂ ਹਲਕੀ ਹਲਕੀ ਹਵਾ ਦੇ ਝੌਂਕੇ ਕਦੀ ਕਦੀ ਆ ਰਹੇ ਸਨ, ਪਰ ਗਰਮੀ ਕਾਫੀ ਸੀ। ਪਾਦਰੀ ਸਾਹਿਬ ਦੇ ਕਹਿਣ ਤੇ ਸੁਪ੍ਰਿੰਟੰਡੰਟ ਨੇ ਕੋਠੀ ਦਾ ਜੰਦ੍ਰਾ ਖੋਲ੍ਹ ਦਿਤਾ। ਭਾਈ ਸਾਹਿਬ ਬਾਹਰ ਆਏ ਅਤੇ ਉਨ੍ਹਾਂ ਦੇ ਕੋਲ ਹੀ ਉਸ ਦਰਖਤ ਦੀ ਛਾਵੇਂ ਚਲੇ ਗਏ। ਆਪ ਨੇ ਹੱਸਦਿਆਂ ਹੱਸਦਿਆਂ ਕਿਹਾ–ਕੀ ਗਲ ਹੈ ਤੁਸੀਂ ਜੇਲ੍ਹ ਦੀ ਕੋਠੜੀ ਦੇ ਦਰਵਾਜੇ ਕੋਲ

ਜਾਣ ਤੋਂ ਹੀ ਡਰਦੇ ਸੀ ਅਸੀਂ ਤੇ ਇਸ ਕੋਠੜੀ ਵਿਚ ਕਈ ਵਰ੍ਹੇ ਕੱਢ ਚੁਕੇ ਹਾਂ।'

ਪਾਦਰੀ ਨੇ ਇਹਨਾਂ ਦੇ ਚਿਹਰੇ ਦੀ ਮੁਸਕਰਾਹਟ ਅਤੇ ਨੂਰਾਨੀ ਚਿਹਰਾ ਦੇਖ ਕੇ ਕਿਹਾ, ਆਪ ਦੀ ਜੇਲ੍ਹ ਵਿਚ ਹੋਰ ਵੀ ਸੈਂਕੜੇ ਕੈਦੀ ਹਨ, ਪਰ ਇਹੋ ਜਿਹਾ ਮਹਿਕ ਦਾ ਖਿੜਾਓ ਵਾਲਾ ਚਿਹਰਾ ਅਸੀ ਅਗੇ ਹੋਰ ਕਿਸੇ ਕੈਦੀ ਦਾ ਨਹੀਂ ਦੇਖਿਆ। ਫਿਰ ਭਾਈ ਸਾਹਿਬ ਨੂੰ ਸਬੋਧਨ ਕਰ ਕੇ ਕਿਹਾ— 'ਆਪ ਖ਼ੂਬ ਖੁਸ਼ ਰਹਿੰਦੇ ਹੋ, ਇਸੇ ਲਈ ਬਹੁਤ ਤਕੜੇ ਹੋ।'

'ਜੀ ਹਾਂ, ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ।' ਭਾਈ ਸਾਹਿਬ ਜੀ ਨੇ ਉੱਤਰ ਦਿਤਾ।

ਪਾਦਰੀ—'ਇਸ ਕੋਠੀ ਵਿਚ ਆਪ ਕਿੰਨੇ ਚਿਰ ਤੋਂ ਰਹਿ ਰਹੇ ਹੋ ?'

'ਜੀ ਜਦੋਂ ਦਾ ਮੈਂ ਇਸ ਜੇਲ੍ਹ ਵਿਚ ਆਇਆ ਹਾਂ, ਥੋੜੇ ਦਿਨ ਹੀ ਬਾਹਰ ਰਿਹਾ ਹੋਵਾਂਗਾ, ਨਹੀਂ ਤੇ ਮੇਰਾ ਸਾਰਾ ਸਮਾਂ ਇਸੇ ਕੋਠੀ ਵਿਚ ਹੀ ਬੀਤਿਆ ਹੈ। ਹੁਣ ਮੈਂ ਕਈਆਂ ਸਾਲਾਂ ਤੋਂ ਇਥੇ ਹੀ ਹਾਂ।'

ਪਾਦਰੀ ਹੈਰਾਨ ਸੀ ਕਿ ਭਾਈ ਸਾਹਿਬ ਜੀ ਅੱਠ ਵਰ੍ਹੇ ਤੋਂ ਇਸ ਜੇਲ੍ਹ ਵਿਚ ਰਹਿ ਰਹੇ ਹਨ ਅਤੇ ਇਹਨਾਂ ਅੱਠਾਂ ਵਰ੍ਹਿਆਂ ਵਿਚੋਂ ਬਹੁਤਾ ਸਮਾਂ ਆਪ ਨੇ ਇਸ ਕਾਲ - ਕੋਠੜੀ ਵਿਚ ਕਿਸ ਤਰ੍ਹਾਂ ਗੁਜ਼ਾਰਿਆ ਹੋਵੇਗਾ। ਰਾਤ ਦਿਨ ਅਜਿਹੀ ਕੋਠੀ ਵਿਚ ਰਹਿਣਾ, ਜਿਥੇ ਕਿਸੇ ਪਾਸਿਓਂ ਹਵਾ ਨਹੀਂ ਪੈਂਦੀ।ਉਸਨੇ

ਪੁਛਿਆ ਕਿ ਤੁਹਾਨੂੰ ਹਰ ਰੋਜ਼ ਬਾਹਰ ਟਹਿਲਣ ਲਈ ਤੇ ਕਸਰਤ ਕਰਨ ਲਈ ਕਿੰਨਾ ਸਮਾਂ ਮਿਲਦਾ ਹੈ ?

'ਮੈਨੂੰ ਇਸ ਕੋਠੀ ਦੇ ਅਗਲੇ ਵਿਹੜੇ ਵਿਚ ਹੀ ਹਾਜਤ ਪਾਣੀ ਲਈ ਤੇ ਖਾਣ ਪੀਣ ਲਈ ਨਿਕਲਣ ਦੀ ਆਗਿਆ ਹੀ ਮਿਲਦੀ ਹੈ । ਮੇਰੀਆਂ ਖਾਣ, ਪੀਣ, ਇਸ਼ਨਾਨ ਦੀਆਂ ਸਾਰੀਆਂ ਕਾਰਵਾਈਆਂ ਇਸ ਵਿਹੜੇ ਵਿਚ ਜਦੋਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਮੈਨੂੰ ਮੁੜ ਕੇ ਇਸੇ ਕੋਠੀ ਅੰਦਰ ਕਰ ਦੇਂਦੇ ਹਨ।

ਪਾਦਰੀ ਸਾਹਿਬ ਨੇ ਇਹ ਗਲ ਸੁਣਦਿਆਂ ਹੀ ਜੇਲ੍ਹ ਕਰਮਚਾਰੀਆਂ ਵਲ ਘੂਰੀ ਵੱਟ ਕੇ ਵੇਖਿਆ ਤੇ ਪੁਛਿਆ ਕਿ ਤੁਸੀਂ ਇਸ ਤਰ੍ਹਾਂ ਕਿਉਂ ਕਰਦੇ ਹੋ ?

ਜੇਲਰ ਨੇ ਉਤਰ ਦਿਤਾ ਕਿ ਇਹਨਾਂ ਕੈਦੀਆਂ ਬਾਬਤ ਸਾਨੂੰ ਸਰਕਾਰ ਪੰਜਾਬ ਵਲੋਂ ਹੀ ਇਹ ਹਦਾਇਤ ਮਿਲੀ ਹੋਈ ਹੈ ਕਿ ਇਹਨਾਂ ਨੂੰ ਆਮ ਕੈਦੀਆਂ ਨਾਲ ਮਿਲਣ ਨਹੀਂ ਦੇਣਾ, ਸਗੋਂ ਇਹਨਾਂ ਨੂੰ ਵਖਰਿਆਂ ਰਖਣਾ। ਇਥੋਂ ਤਕ ਕਿ ਜੇਲ੍ਹ ਦਾ ਕੋਈ ਅਫਸਰ ਵੀ ਇਕੱਲਾ ਇਹਨਾਂ ਕੋਲ ਨਹੀਂ ਆ ਸਕਦਾ। ਸਾਡੇ ਵਲੋਂ ਇਹਨਾਂ ਉਤੇ ਕਿਸੇ ਪ੍ਰਕਾਰ ਦੀ ਕੋਈ ਬੰਦਸ਼ ਨਹੀਂ,ਪਰ ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਹੀ ਸਾਨੂੰ ਇਹ ਕੁਝ ਕਰਨਾ ਪੈ ਰਿਹਾ ਹੈ।

ਇਸ ਤੋਂ ਮਗਰੋਂ ਪਾਦਰੀ ਸਾਹਿਬ ਨੇ ਭਾਈ ਸਾਹਿਬ ਜੀ ਕੋਲੋਂ ਪੁਛਿਆ ਕਿ ਕੀ ਤੁਹਾਨੂੰ ਕੋਈ ਅਖਬਾਰ ਪੜ੍ਹਨ ਲਈ

ਦਿਤਾ ਜਾਂਦਾ ਹੈ ?

ਭਾਈ ਸਾਹਿਬ ਨੇ ਉੱਤਰ ਦਿਤਾ ਕਿ ਇੰਸਪੈਕਟਰ ਜਨਰਲ ਵਲੋਂ ਤਾਂ ਆਗਿਆ ਹੈ ਕਿ ਸਾਨੂੰ ਅਖਬਾਰ ਮਿਲਣੀ ਚਾਹੀਦੀ ਹੈ, ਪਰ ਇਹ ਲੋਕ ਸਾਨੂੰ ਕੋਈ ਅਖਬਾਰ ਨਹੀਂ ਦਿੰਦੇ।

ਇਹ ਸੁਣ ਕੇ ਪਾਦਰੀ ਸਾਹਿਬ ਹੈਰਾਨ ਰਹਿ ਗਏ ਅਤੇ ਜੇਲਰ ਕੋਲੋਂ ਪੁਛਣ ਲਗੇ ਕਿ ਜਦ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵਲੋਂ ਆਗਿਆ ਹੈ ਤਾਂ ਆਪ ਇਹਨਾਂ ਨੂੰ ਅਖਬਾਰ ਕਿਉਂ ਨਹੀਂ ਦਿੰਦੇ ?

ਇਹ ਸੁਣਕੇ ਜੇਲਰ ਦੋ ਕੁ ਮਿੰਟ ਚੁਪ ਰਿਹਾ ਅਤੇ ਬੋਲਿਆ ਕਿ ਇਸ ਵਿਚ ਵੀ ਕਈ ਗੁਪਤ ਭੇਦ ਹਨ, ਜੋ ਮੈਂ ਇਹਨਾਂ ਸਾਹਮਣੇ ਨਹੀਂ ਦਸ ਕਕਦਾ।

ਪਾਦਰੀ ਸਾਹਿਬ ਨੇ ਫਿਰ ਭਾਈ ਸਾਹਿਬ ਕੋਲੋਂ ਪੁਛਿਆ ਕਿ ਕੀ ਤੁਹਾਨੂੰ ਪੜ੍ਹਨ ਲਈ ਕੋਈ ਪੁਸਤਕ ਮਿਲਦੀ ਹੈ ?

ਭਾਈ ਸਾਹਿਬ ਜੀ ਨੇ ਕਿਹਾ ਨਹੀਂ। ਸਗੋਂ ਸਾਡੇ ਕੋਲ ਕੁਝ ਆਪਣੀਆਂ ਧਾਰਮਿਕ ਪੁਸਤਕਾਂ ਸਨ, ਉਹ ਵੀ ਇਹਨਾਂ ਨੇ ਖੋਹ ਲਈਆਂ ਹਨ। ਮੰਗਣ ਤੇ ਵੀ ਇਹ ਲੋਕ ਸਾਨੂੰ ਕੋਈ ਨਹੀਂ ਪੁਸਤਕ ਦਿੰਦੇ।

'ਕੀ ਤੁਸੀਂ ਰਾਤ ਕੋਠੀ ਵਿਚ ਸੌਂਦੇ ਹੋ ਜਾਂ ਇਸ ਦੇ ਅਗਲੇ ਵਿਹੜੇ ਵਿਚ ਸੌਂਦੇ ਹੋ ?' ਪਾਦਰੀ ਸਾਹਿਬ ਅਜੇ ਪੁਛ ਹੀ ਰਹੇ ਸਨ ਕਿ ਜੇਲ੍ਹ ਕਰਮਚਾਰੀ ਵਿਚੋਂ ਹੀ ਬੋਲ ਪਏ ਕਿ ਕਿਸੇ ਵੀ ਕੈਦੀ ਨੂੰ ਬਾਹਰ ਵਿਹੜੇ ਵਿਚ ਸੌਣ ਦੀ ਆਗਿਆ

ਨਹੀਂ, ਸਾਰੇ ਆਪਣੀ ਆਪਣੀ ਕੋਠੀ ਵਿਚ ਹੀ ਹੁੰਦੇ ਹਨ ਜਾਂ ਬਾ ਰਕਾਂ ਵਿਚ ਸੌਂਦੇ ਹਨ।

ਪਾਦਰੀ ਸਾਹਿਬ ਜੇਲ੍ਹ ਕਰਮਚਾਰੀਆਂ ਦੀ ਇਹ ਗਲ ਸੁਣ ਕੇ ਹੈਰਾਨ ਰਹਿ ਗਏ। ਫਿਰ ਭਾਈ ਸਾਹਿਬ ਨੂੰ ਪੁਛਿਆ ਕਿ ਤੁਸੀਂ ਇਸ ਕੋਠੀ ਵਿਚ ਇਕੱਲੇ ਹੀ ਬੰਦ ਰਹਿੰਦੇ ਹੋ? ਭਾਈ ਸਾਹਿਬ ਜੀ ਨੇ ਉੱਤਰ ਦਿਤਾ—ਬਿਲਕੁਲ ਨਹੀਂ, ਅਸੀਂ ਇਕ ਮਿੰਟ ਵੀ ਇਕੱਲੇ ਨਹੀਂ ਹੁੰਦੇ।

ਇਹ ਸੁਣਦਿਆਂ ਹੀ ਜੇਲਰ ਤੇ ਸੁਪ੍ਰਿੰਟੰਡੰਟ ਜਲਦੀ ਨਾਲ ਬੋਲ ਪਏ, ਨਹੀਂ ਬਿਲਕੁਲ ਨਹੀਂ। ਇਹ ਝੂਠ ਹੈ। ਇਹਨਾਂ ਕੋਠੀਆਂ ਵਿਚ ਇਕੋ ਇਕ ਹੀ ਰਹਿ ਸਕਦਾ ਹੈ, ਅਸੀਂ ਦੋ ਜਣਿਆਂ ਨੂੰ ਇਕੱਠਿਆਂ ਸੌਣ ਦੀ ਆਗਿਆ ਹੀ ਨਹੀਂ ਦੇਂਦੇ। ਹਰ ਕੋਠੀ ਵਿਚ ਹਰ ਕੈਦੀ ਹਮੇਸ਼ਾਂ ਇਕੱਲਾ ਹੀ ਹੁੰਦਾ ਹੈ।

ਅਜੇ ਜੇਲਰ ਇਹ ਗਲ ਕਹਿ ਹੀ ਰਿਹਾ ਸੀ ਕਿ ਭਾਈ ਸਾਹਿਬ ਬੋਲ ਪਏ–'ਨਹੀਂ, ਨਹੀਂ, ਇਹ ਦੋਵੇਂ ਗਲਤ ਕਹਿ ਰਹੇ ਹਨ। ਅਸੀਂ ਕਦੀ ਵੀ ਇਕੱਲੇ ਨਹੀਂ ਹੋਏ ਅਤੇ ਨਾ ਹੀ ਅਜੇ ਤਕ ਸਾਨੂੰ ਇਕੱਲਿਆਂ ਰਹਿਣ ਦਾ ਮੌਕਾ ਹੀ ਮਿਲਿਆ ਹੈ। ਇਹ ਸੁਣ ਕੇ ਪਾਦਰੀ ਸਾਹਿਬ ਹੈਰਾਨ ਹੋ ਰਹੇ ਸਨ, ਕਿ ਇਹ ਗਲ ਕੀ ਹੈ? ਅਜੇ ਉਹ ਜੇਲ ਕਰਮਚਾਰੀਆਂ ਕੋਲੋਂ ਪੁਛਣ ਹੀ ਲਗੇ ਹਨ ਕਿ ਜੇਲਰ ਬੋਲ ਪਿਆ ਅਤੇ ਕਹਿਣ ਲਗਾ, ਜੀ ਇਹ ਸਭ ਕੁਝ ਗਲਤ ਹੈ। ਜੇਲ੍ਹ ਦੇ ਕਾਨੂੰਨ ਹੀ

ਅਜਿਹੇ ਹਨ ਕਿ ਇਕ ਕੋਠੀ ਵਿਚ ਇਕੋ ਹੀ ਰਹਿ ਸਕਦਾ ਹੈ, ਦੋ ਰਖਣ ਦਾ ਹੁਕਮ ਹੀ ਨਹੀਂ ।

'ਮੈਂ ਗੁਰੂ ਦਾ ਸਿੱਖ ਹੀ ਨਹੀਂ, ਸਗੋਂ ਸੱਚਾ ਸੇਵਕ ਵੀ ਹਾਂ । ਗੁਰੂ ਕੇ ਸਿਖ ਨੂੰ ਕਿਸੇ ਸਮੇਂ ਵੀ ਝੂਠ ਬੋਲਣ ਜਾਂ ਸੁਣਨ ਦੀ ਆਗਿਆ ਨਹੀਂ । ਸੋ ਮੈਂ ਸੱਚ ਕਹਿ ਰਿਹਾ ਹਾਂ ਕਿ ਇਸ ਕਾਲ ਕੋਠੜੀ ਵਿਚ ਕਦੀ ਵੀ ਇਕੱਲਾ ਨਹੀਂ ਰਿਹਾ ।' ਭਾਈ ਸਾਹਿਬ ਜੀ ਨੇ ਫੇਰ ਦ੍ਰਿੜ੍ਹਤਾ ਨਾਲ ਕਿਹਾ । ਇਹ ਸੁਣ ਕੇ ਪਾਦਰੀ ਹੈਰਾਨ ਹੋ ਕੇ ਬੋਲਿਆ, "ਮੈਂ ਕਿਸੇ ਨੂੰ ਵੀ ਝੂਠਾ ਨਹੀਂ ਕਹਿ ਸਕਦਾ । ਜੇਲ ਕਰਮਚਾਰੀ ਕਾਨੂੰਨ ਅਨੁਸਾਰ ਇਕ ਕੋਠੀ ਵਿਚ ਕਦੀ ਦੋ ਕੈਦੀ ਨਹੀਂ ਰਖਦੇ, ਅਤੇ ਆਪ ਜੀ ਵੀ ਝੂਠ ਨਹੀਂ ਕਹਿ ਰਹੇ । ਫੇਰ ਇਸ ਵਿਚ ਕੀ ਭੇਤ ਹੈ, ਸਾਨੂੰ ਤੇ ਕਿਸੇ ਗਲ ਦਾ ਪਤਾ ਨਹੀਂ ਲਗ ਰਿਹਾ ।" ਅਜੇ ਪਾਦਰੀ ਸਾਹਿਬ ਇਹ ਕਹਿ ਰਹੇ ਸਨ ਕਿ ਭਾਈ ਸਾਹਿਬ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਗਲਾਂ ਕਰਦਿਆਂ ਕਰਦਿਆਂ ਇਕ ਅਨੋਖੇ ਨੂਰ ਵਿਚ ਆ ਗਏ । ਆਪ ਜੀ ਦੇ ਚਿਹਰੇ ਉਤੇ ਇਕ ਅਨੋਖਾ ਸਰੂਰ ਡਲਕਣ ਲਗਾ ਅਤੇ ਵੇਖਦਿਆਂ ਵੇਖਦਿਆਂ ਆਪ ਇਹ ਸ਼ਬਦ ਗਾਉਣ ਲਗ ਪਏ :–

ਆਸਾ ਘਰੁ ੭ ਮਹਲਾ ੫ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਈ ॥ ੧ ॥

ਗੁਰੁ ਮੇਰੇ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥੧॥ ਰਹਾਉ ॥
ਤੇਰਾ ਕੀਆ ਮੀਠਾ ਲਾਗੇ ॥
ਹਰਿ ਨਾਮ ਪਦਾਰਥ ਨਾਨਕ ਮਾਂਗੇ ॥ ੨ ॥

ਇਹ ਸ਼ਬਦ ਪੜ੍ਹਕੇ ਆਪ ਚੁਪ ਹੋ ਗਏ। ਹੁਣ ਕੋਈ ਵੀ ਨਹੀਂ ਸੀ ਬੋਲ ਰਿਹਾ। ਪਾਦਰੀ ਸਾਹਿਬ ਉਨ੍ਹਾਂ ਦੇ ਮੂੰਹ ਵਲ ਵੇਖ ਰਿਹਾ ਸੀ। ਭਾਈ ਸਾਹਿਬ ਇਕ ਅਨੋਖੀ ਮਸਤੀ ਵਿਚ ਸਨ। ਜੇਲਰ ਤੇ ਸੁਪ੍ਰਿੰਟੈਂਡੰਟ ਬੁਤ ਬਣੇ ਖੜੇ ਸਨ। ਭਾਈ ਸਾਹਿਬ ਜੀ ਨੇ ਉਪਰਲਾ ਸ਼ਬਦ ਇਕ ਵਾਰੀ ਫੇਰ ਪੜ੍ਹਿਆ ਤੇ ਫੇਰ ਚੁਪ ਹੋ ਗਏ। ਇਹ ਸੁਣਕੇ ਪਾਦਰੀ ਸਾਹਿਬ ਹੈਰਾਨ ਹੋ ਗਏ ਤੇ ਕਹਿਣ ਲਗੇ ਕਿ ਜਿਸ ਗੁੰਝਲ ਵਿਚ ਭਾਈ ਸਾਹਿਬ ਨੇ ਸਾਨੂੰ ਸਾਰਿਆਂ ਨੂੰ ਪਾ ਛਡਿਆ ਸੀ, ਉਹ ਮਸਲਾ ਹਲ ਹੋ ਗਿਆ ਹੈ। ਸਾਨੂੰ ਹੁਣ ਪਤਾ ਲਗਾ ਹੈ ਕਿ ਭਾਈ ਸਾਹਿਬ ਵੀ ਸੱਚ ਕਹਿ ਰਹੇ ਸਨ ਅਤੇ ਜੇਲ ਕਰਮਚਾਰੀ ਵੀ ਸੱਚੇ ਸਨ। ਇਹ ਠੀਕ ਹੈ ਕਿ ਭਾਈ ਸਾਹਿਬ ਇਸ ਕਾਲ ਕੋਠੀ ਵਿਚ ਇਕੱਲੇ ਨਹੀਂ ਹੁੰਦੇ। ਜਿਸ ਤਰ੍ਹਾਂ ਕਿ ਆਪ ਮਹਿਸੂਸ ਕਰ ਰਹੇ ਹਨ ਕਿ "ਗੁਰੂ ਮੇਰੇ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥" ਇਨ੍ਹਾਂ ਦਾ ਗੁਰੂ ਸਚ ਮੁਚ ਹੀ ਇਨ੍ਹਾਂ ਦੇ ਨਾਲ ਹੀ ਇਸ ਕੋਠੀ ਵਿਚ ਹੁੰਦਾ ਹੈ। ਅਸੀਂ ਇਨ੍ਹਾਂ ਦੇ ਚਿਹਰੇ ਦਾ ਪ੍ਰਕਾਸ਼ ਦੇਖ ਰਹੇ ਹਾਂ। ਇਹ ਨੂਰਾਨੀ ਚਿਹਰਾ ਕਿਸ ਤਰ੍ਹਾਂ ਡਲ੍ਹਕ ਰਿਹਾ ਹੈ। ਇਨ੍ਹਾਂ ਦੇ ਚਿਹਰੇ ਉਤੇ ਕੋਈ ਰੰਜ ਨਹੀਂ,

ਕੋਈ ਉਦਾਸੀ ਨਹੀਂ। ਚਿਹਰੇ ਪੁਰ ਖੇੜਾ ਐਵੇਂ ਨਹੀਂ ਆ ਸਕਦਾ। ਜਿਸ ਤਰ੍ਹਾਂ ਇਹ ਕਹਿ ਰਹੇ ਹਨ ਕਿ ਇਹ ਆਪਣੇ ਸਤਿਗੁਰੂ ਨੂੰ ਯਾਦ ਕਰ ਕੇ ਉਸ ਨੂੰ ਸਦਾ ਆਪਣੇ ਹਿਰਦੇ ਵਿਚ ਸੰਭਾਲਦੇ ਹਨ ਅਤੇ ਇਹਨਾਂ ਦਾ ਗੁਰੂ ਸਦਾ ਇਹਨਾਂ ਦੇ ਨਾਲ ਹੁੰਦਾ ਹੈ। ਇਸ ਗੱਲ ਨੂੰ ਕੋਈ ਅੱਖਾਂ ਵਾਲਾ ਹੀ ਸਮਝਦਾ, ਦੇਖਦਾ ਤੇ ਵਿਚਾਰਦਾ ਹੈ। ਆਪ ਧੰਨ ਹਨ ਜੋ ਹਰ ਸਮੇਂ ਆਪਣੇ ਗੁਰੂ ਨੂੰ ਆਪਣੇ ਨਾਲ ਸਮਝਦੇ ਹਨ।

ਇਸ ਤੋਂ ਮਗਰੋਂ ਪਾਦਰੀ ਸਾਹਿਬ ਨੇ ਜੇਲ਼ਰ ਕੋਲੋਂ ਪੁਛਿਆ ਕਿ ਜਿਨ੍ਹਾਂ ਕੈਦੀਆਂ ਨੂੰ ਤੁਸੀਂ ਕੋਠੀਆਂ ਵਿਚ ਬੰਦ ਕਰਦੇ ਹੋ, ਕਿਸ ਦੇ ਹੁਕਮ ਜਾਂ ਕਿਸ ਕਾਨੂੰਨ ਅਨੁਸਾਰ ਕਰਦੇ ਹੋ ? ਇਸ ਦੇ ਉੱਤਰ ਵਿਚ ਜੇਲਰ ਨੇ ਕਿਹਾ–ਅਦਾਲਤ ਜਿਨ੍ਹਾਂ ਨੂੰ ਕੋਠੀ ਬੰਦ ਦੀ ਸਜ਼ਾ ਦਿੰਦੀ ਹੈ, ਕੇਵਲ ਉਹਨਾਂ ਨੂੰ ਹੀ ਕੋਠੀ ਬੰਦ ਕੀਤਾ ਜਾਂਦਾ ਹੈ।

'ਵਧ ਤੋਂ ਵਧ ਕਿੰਨੇ ਚਿਰ ਲਈ ਇਕ ਕੈਦੀ ਨੂੰ ਕੋਠੀ ਬੰਦ ਕੀਤਾ ਜਾਂਦਾ ਹੈ ?' ਪਾਦਰੀ ਨੇ ਪੁਛਿਆ। ਜੇਲਰ ਨੇ ਉੱਤਰ ਦਿਤਾ ਕਿ ਅਦਾਲਤ ਵਲੋਂ ਤਾਂ ਵਧ ਤੋਂ ਵਧ ਇਕ ਮਹੀਨੇ ਲਈ ਕੋਠੀ ਬੰਦ ਦਾ ਹੁਕਮ ਹੁੰਦਾ ਹੈ, ਅਗੇ ਇਹ ਸਾਡੀ ਮਰਜ਼ੀ ਤੇ ਹੁੰਦਾ ਹੈ ਕਿ ਅਸੀਂ ਜਿੰਨਾ ਚਿਰ ਚਾਹੀਏ ਕੋਠੀ ਬੰਦ ਰਖ ਛਡਦੇ ਹਾਂ। ਇਹ ਵੀ ਦੇਖਿਆ ਜਾਂਦਾ ਹੈ ਕਿ ਕੋਈ ਵੀ ਕੋਠੀ ਰਾਤ ਨੂੰ ਵਿਹਲੀ ਨਾ ਰਹੇ। ਸੋ ਅਸੀਂ ਵਾਰੀ ਵਾਰੀ ਇਕ ਇਕ ਰਾਤ ਲਈ ਦੂਸਰੇ ਕੈਦੀਆਂ ਨੂੰ ਇਨ੍ਹਾਂ ਕੋਠੀਆਂ

ਵਿਚ ਬੰਦ ਕਰ ਦੇਂਦੇ ਹਾਂ। ਇਕ ਰਾਤ ਰਹਿਣ ਨਾਲ ਉਹ ਬੁਰਾ ਨਹੀਂ ਮਨਾਉਂਦੇ। ਅਸੀਂ ਜਬਰਨ ਕਿਸੇ ਕੈਦੀ ਨੂੰ ਬਹੁਤੀਆਂ ਰਾਤਾਂ ਲਈ ਕੋਠੀ ਵਿਚ ਬੰਦ ਨਹੀਂ ਰਖਦੇ।

ਇਸ ਤੋਂ ਮਗਰੋਂ ਭਾਈ ਸਾਹਿਬ ਨੇ ਕੁਝ ਕੈਦੀਆਂ ਨੂੰ ਆਪਣੇ ਪਾਸ ਸਦ ਕੇ ਪੁਛਿਆ ਕਿ ਦਸੋ ਇਹਨਾਂ ਕੋਠੀਆਂ ਵਿਚ ਇਕ ਰਾਤ ਬੰਦ ਰਹਿਣਾ ਕੈਸਾ ਹੈ। ਉਹਨਾਂ ਸਭਨਾਂ ਨੇ ਕਿਹਾ, ਸਾਹਿਬ! ਇਹਨਾਂ ਕੋਠੀਆਂ ਵਿਚ ਇਕ ਰਾਤ ਕਟਣੀ ਵੀ ਐਸੀ ਹੈ ਕਿ ਜਿਹਾ ਨਰਕਾਂ ਦੀ ਅਗ ਵਿਚ ਪਏ ਰਹੇ। ਇਹ ਕੋਠੀਆਂ ਇਕ ਤਰ੍ਹਾਂ ਦੇ ਨਰਕ ਹਨ। ਜਿਸਨੂੰ ਵਧ ਤੋਂ ਵਧ ਸਜ਼ਾ ਹੋਵੇ, ਬਸ ਉਸ ਲਈ ਇਸ ਕੋਠੀ ਵਿਚ ਰਹਿਣਾ ਅਤਿ ਦਰਜੇ ਦਾ ਦੁਖਦਾਈ ਹੈ। ਇਕ ਤੇ ਇਹਨਾਂ ਦੀ ਗਰਮੀ, ਹਵਾ ਕਿਸੇ ਪਾਸਿਓਂ ਨਹੀਂ ਪੈਂਦੀ। ਦੂਸਰੇ ਇਹਨਾਂ ਕੋਠੀਆਂ ਦੀ ਇਕੱਲ ਤਾਂ ਹਰ ਇਕ ਨੂੰ ਖਾਣ ਨੂੰ ਪੈਂਦੀ ਹੈ। ਇਹੋ ਜਿਹੀ ਇਕੱਲ ਵਿਚ ਰਾਤ ਕਟਣੀ ਅਤਿ ਦਰਜੇ ਦੀ ਕਸ਼ਟਾਂ ਭਰੀ ਹੈ।

ਇਹੋ ਜਹੀਆਂ ਗਲਾਂ ਸੁਣਕੇ ਪਾਦਰੀ ਸਾਹਿਬ ਨੂੰ ਖਿਆਲ ਆਇਆ ਕਿ ਕਿਉਂ ਨਾ ਇਕ ਰਾਤ ਆਪ ਕਿਸੇ ਕੋਠੀ ਵਿਚ ਬੰਦ ਹੋ ਕੇ ਦੇਖਿਆ ਜਾਵੇ। ਉਹਨਾਂ ਨੇ ਇਹ ਇੱਛਾ ਜੇਲ੍ਹ ਦੇ ਸੁਪ੍ਰਿੰਟੰਡੰਟ ਅਗੇ ਪ੍ਰਗਟ ਕੀਤੀ। ਸੁਪ੍ਰਿੰਟੰਡੰਟ ਨੇ ਉੱਤ੍ਰ ਦਿਤਾ, ਹਜ਼ੂਰ ਇਹ ਨਹੀਂ ਹੋ ਸਕਦਾ, ਜਿੰਨਾ ਚਿਰ ਸਰਕਾਰੀ ਹੁਕਮ ਨਾ ਹੋਵੇ, ਓਨਾਂ ਚਿਰ ਕਿਸੇ ਵੀ ਬਾਹਰਲੇ ਨੂੰ ਕਿਸੇ ਕਾਲ ਕੋਠੀ ਵਿਚ ਬੰਦ ਨਹੀਂ ਰਖਿਆ ਜਾ ਸਕਦਾ।

ਪਾਦਰੀ ਸਾਹਿਬ ਨੇ ਜ਼ਿਦ ਕੀਤੀ ਕਿ ਨਹੀਂ ਅਸੀਂ ਇਸ ਕੋਠੀ ਵਿਚ ਇਕ ਰਾਤ ਰਹਿ ਕੇ ਤਜਰਬਾ ਕਰਨਾ ਚਾਹੁੰਦੇ ਹਾਂ ਕਿ ਇਥੋਂ ਦਾ ਜੀਵਨ ਕਿਹੋ ਜਿਹਾ ਹੈ? ਕਾਫੀ ਦੇਰ ਗਲਾਂ ਹੁੰਦੀਆਂ ਰਹੀਆਂ। ਅੰਤ ਆਪਸ ਵਿਚ ਫੈਸਲਾ ਹੋਇਆ ਕਿ ਪਾਦਰੀ ਸਾਹਿਬ ਇਕ ਰਾਤ ਤਾਂ ਕੋਠੀ ਵਿਚ ਨਹੀਂ ਰਹਿ ਸਕਦੇ, ਸਗੋਂ ਦਿਨ ਵੇਲੇ ਕੁਝ ਸਮੇਂ ਲਈ ਆਪ ਕੋਠੀ ਅੰਦਰ ਬੰਦ ਰਹਿ ਕੇ ਦੇਖ ਸਕਦੇ ਹਨ। ਸੋ ਇਸ ਫੈਸਲੇ ਅਨੁਸਾਰ ਪਾਦਰੀ ਨੇ ਕੁਝ ਘੰਟਿਆਂ ਲਈ ਇਕ ਕੋਠੀ ਵਿਚ ਬੰਦ ਹੋਣਾ ਪ੍ਰਵਾਨ ਕਰ ਲਿਆ।

ਇਹ ਫੈਸਲਾ ਹੋ ਗਿਆ ਕਿ ਜਿਸ ਕੋਠੜੀ ਵਿਚ ਭਾਈ ਸਾਹਿਬ ਬੰਦ ਸਨ, ਉਸ ਦੇ ਨਾਲ ਦੀ ਕੋਠੜੀ ਛਡ ਕੇ ਤੀਜੀ ਕੋਠੀ ਵਿਚ ਪਾਦਰੀ ਸਾਹਿਬ ਨੇ ਬੰਦ ਹੋਣਾ ਪ੍ਰਵਾਨ ਕਰ ਲਿਆ। ਜਦੋਂ ਪਾਦਰੀ ਸਾਹਿਬ ਉਸ ਕੋਠੀ ਵਿਚ ਬੰਦ ਹੋਣ ਲਈ ਆਏ ਤਾਂ ਭਾਈ ਸਾਹਿਬ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਅਜਿਹੀਆਂ ਕੋਠੀਆਂ ਵਿਚ ਬੰਦ ਹੋਣ ਦੀ ਆਦਤ ਨਹੀਂ ਤੁਸੀਂ ਜਲਦੀ ਹੀ ਔਖ ਪ੍ਰਤੀਤ ਕਰਨ ਲਗੋਗੇ। ਸੋ ਜਦੋਂ ਵੀ ਔਖਿਆਈ ਪ੍ਰਤੀਤ ਹੋਣ ਲਗੇ, ਜਾਂ ਸਾਹ ਘੁਟਿਆ ਜਾਣ ਲਗੇ ਤਾਂ ਤੁਸੀਂ ਇਸ ਕੋਠੀ ਅੰਦਰ ਲਗੀ ਉਹ ਤਾਰ ਜ਼ੋਰ ਜ਼ੋਰ ਦੀ ਹਿਲਾ ਦੇਣੀ। ਇਸੇ ਦੇ ਸਿਰੇ ਉਤੇ ਇਕ ਘੰਟੀ ਲਗੀ ਹੋਈ ਹੈ, ਉਹ ਖੜਕਣ ਲਗ ਪਵੇਗੀ, ਉਸ ਸਮੇਂ ਜੇਲ੍ਹ ਕਰਮਚਾਰੀ ਆ ਕੇ ਕੋਠੀ ਦਾ ਬੂਹਾ ਖੋਲ੍ਹ ਦੇਣਗੇ।

ਪਾਦਰੀ ਸਾਹਿਬ ਇਹ ਗੱਲ ਸੁਣ ਕੇ ਹੱਸ ਪਏ ਕਿ ਜੇ ਤੁਸੀਂ ਏਨੇ ਵਰ੍ਹੇ ਇਸ ਕੋਠੜੀ ਵਿਚ ਬੰਦ ਰਹਿ ਸਕਦੇ ਹੋ ਤਾਂ ਕੀ ਮੈਂ ਕੁਝ ਘੰਟੇ ਵੀ ਇਸ ਕੋਠੀ ਵਿਚ ਨਹੀਂ ਰਹਿ ਸਕਾਂਗਾ ? ਪਾਦਰੀ ਸਾਹਿਬ ਦੀ ਇਹ ਗਲ ਸੁਣ ਕੇ ਭਾਈ ਸਾਹਿਬ ਮੁਸਕਰਾਏ ਅਤੇ ਕਹਿਣ ਲਗੇ, ਇਹ ਵੀ ਇਕ ਤਜ-ਰਬਾ ਹੈ, ਆਪ ਦਾ ਅਭਿਆਸ ਨਹੀਂ। ਦੇਖੋ, ਜੋ ਰੱਬ ਨੂੰ ਮਨਜ਼ੂਰ ਹੋਵੇ।

ਪਾਦਰੀ ਸਾਹਿਬ ਉਸ ਕੋਠੀ ਵਿਚ ਬੰਦ ਕੀਤੇ ਗਏ। ਬਾਹਰੋਂ ਜੰਦਰਾ ਮਾਰ ਕੇ ਜੇਲ੍ਹ ਦੇ ਸਾਰੇ ਅਫਸਰ ਆਪਣੇ ਆਪਣੇ ਥਾਵਾਂ ਤੇ ਚਲੇ ਗਏ। ਏਸ ਕੋਠੜੀ ਤੋਂ ਥੋੜੀ ਦੂਰ ਇਕ ਗੋਲ ਕਮਰਾ ਸੀ, ਜੇਲ੍ਹ ਅਫਸਰ ਉਸ ਵਿਚ ਜਾ ਬੈਠੇ। ਅਜੇ ੨ ਕੁ ਘੰਟੇ ਹੀ ਬੀਤੇ ਸਨ ਕਿ ਉਸ ਕਾਲ ਕੋਠੜੀ ਦੀ ਤਾਰ ਹਿੱਲੀ ਅਤੇ ਤਾਰ ਨਾਲ ਲਗੀ ਘੰਟੀ ਟਨ-ਟਨਾ-ਟਨ-ਟਨਾ-ਟਨ ਵਜਣ ਲਗ ਪਈ। ਜੇਲ੍ਹ ਦੇ ਅਫਸਰ ਦੌੜੇ ਆਏ ਅਤੇ ਉਨ੍ਹਾਂ ਨੇ ਆ ਕੇ ਝੱਟ ਜੰਦਰਾ ਖੋਲ੍ਹ ਦਿਤਾ ਅਤੇ ਪਾਦਰੀ ਸਾਹਿਬ ਉਸ ਕੋਠੀ ਤੋਂ ਬਾਹਰ ਨਿਕਲ ਆਏ। ਬਾਹਰ ਦੀ ਹਵਾ ਲੈ ਕੇ ਦੋ ਚਾਰ ਮਿੰਟਾਂ ਮਗਰੋਂ ਚਿਲਾ ਉਠੇ—ਨਿਕਾਲੋ ਉਸ ਗੁਰੂ ਕੇ ਸਿਖ ਕੋ ਉਸ ਕੋਠੀ ਸੇ ਬਾਹਰ, ਔਰ ਉਸ ਕੋ ਮੇਰੇ ਪਾਸ ਲਿਆਓ।

ਜੇਲ੍ਹ ਦਾ ਦਰੋਗਾ ਆਇਆ, ਉਸ ਨੇ ਭਾਈ ਸਾਹਿਬ ਜੀ ਦੀ ਕੋਠੀ ਦਾ ਜੰਦਰਾ ਖੋਲ੍ਹਿਆ ਤੇ ਕਹਿਣ ਲਗਾ—'ਭਾਈ

ਜੀ, ਤੁਹਾਨੂੰ ਪਾਦਰੀ ਸਾਹਿਬ ਨੇ ਬੁਲਾਇਆ ਹੈ।' ਭਾਈ ਸਾਹਿਬ ਨਿਕਲੇ ਅਤੇ ਵਾਹਿਗੁਰੂ ਦਾ ਨਾਂ ਲੈ ਕੇ ਹੱਸਦੇ ਹੱਸਦੇ ਚੜ੍ਹਦੀਆਂ ਕਲਾਂ ਵਿਚ ਪਾਦਰੀ ਸਾਹਿਬ ਕੋਲ ਪਹੁੰਚ ਗਏ। ਹੁਣ ਪਾਦਰੀ ਸਾਹਿਬ ਦੀ ਹਾਲਤ ਬੜੀ ਅਜੀਬ ਸੀ। ਉਸ ਨੇ ਭਾਈ ਸਾਹਿਬ ਕੋਲ ਖਲੋ ਕੇ ਭਾਈ ਸਾਹਿਬ ਜੀ ਦੇ ਮੋਢੇ ਉਤੇ ਥਾਪੀ ਦੇਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ– 'ਅੱਛਾ ਗੁਰੂ ਕੇ ਸਿਖ ! ਸਾਨੂੰ ਅਜ ਪਰਤੀਤ ਹੋਇਆ ਹੈ ਕਿ ਤੁਹਾਡਾ ਗੁਰੂ ਨਾਨਕ ਸਚ ਮੁਚ ਹੀ ਤੁਹਡੇ ਨਾਲ ਹੁੰਦਾ ਹੈ। ਮੈਂ ਇਹ ਅਨੁਭਵ ਕੀਤਾ ਹੈ ਕਿ ਜਿਸ ਤਰ੍ਹਾਂ ਤੁਹਾਡਾ ਗੁਰੂ ਨਾਨਕ ਤੁਹਾਡੇ ਅੰਗ ਸੰਗ ਰਹਿੰਦਾ ਹੈ, ਇਸ ਤਰ੍ਹਾਂ ਸਾਡਾ ਯਸੂਹ ਮਸੀਹ ਸਾਡੇ ਨਾਲ ਨਹੀਂ ਰਹਿੰਦਾ। ਉਸ ਦਿਨ ਜੋ ਕਲਾਮ (ਬਾਣੀ ਦਾ ਸ਼ਬਦ) ਤੁਸੀਂ ਪੜ੍ਹਿਆ ਸੀ ਉਹ ਮੁੜ ਕੇ ਸੁਣਾਓ। ਮੈਂ ਦੇਖਦਾ ਹਾਂ ਕਿ ਤੁਹਾਡਾ ਆਪਣੇ ਗੁਰੂ ਉਤੇ ਬੜਾ ਭਰੋਸਾ ਹੈ, ਸੋ ਮੈਂ ਉਹ ਕਲਾਮ ਮੁੜ ਕੇ ਸੁਣਨਾ ਚਾਹੁੰਦਾ ਹਾਂ।

ਪਾਦਰੀ ਸਾਹਿਬ ਦੀ ਇਹ ਗਲ ਸੁਣ ਕੇ ਭਾਈ ਸਾਹਿਬ ਗਦ ਗਦ ਹੋ ਗਏ। ਅੱਖਾਂ ਬੰਦ ਹੋ ਗਈਆਂ ਅਤੇ ਪਰੇਮ ਨਾਲ ਅੱਖਾਂ ਵਿਚੋਂ ਹੰਝੂ ਛਲਕਣ ਲਗੇ। ਕੁਝ ਮਿੰਟਾਂ ਮਗਰੋਂ ਭਾਈ ਸਾਹਿਬ ਜੀ ਨੇ ਅੱਖਾਂ ਖੋਲ੍ਹੀਆਂ ਅਤੇ ਮੂੰਹ ਵਿਚੋਂ ਨਾਮ ਦਾ ਸਿਮਰਨ ਕਰਦਿਆਂ ਮੁੜ ਕੇ ਉਹੋ ਸ਼ਬਦ ਉਚਾਰਿਆ—

ਹਰਿ ਕਾ ਨਾਮੁ ਰਿਦੇ ਨਿਤ ਧਿਆਈ॥
ਸੰਗੀ ਸਾਥੀ ਸਗਲ ਤਰਾਈ॥੧॥

ਗੁਰੁ ਮੇਰੇ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥੧॥ਰਹਾਉ॥
ਤੇਰਾ ਕੀਆ ਮੀਠਾ ਲਾਗੇ॥
ਹਰਿ ਨਾਮ ਪਦਾਰਥ ਨਾਨਕ ਮਾਂਗੇ॥

ਇਹ ਸ਼ਬਦ ਪੜ੍ਹਦਿਆਂ ਪਾਦਰੀ ਸਾਹਿਬ ਚੁਪ ਚਾਪ ਖੜੇ ਰਹੇ ਅਤੇ ਸ਼ਬਦ ਦੀ ਸਮਾਪਤੀ ਵੇਲੇ ਕਹਿਣ ਲਗੇ—'ਕੀ ਆਪ ਨੂੰ ਆਪਣਾ ਗੁਰੂ ਨਾਨਕ ਹਰ ਵਕਤ ਯਾਦ ਰਹਿੰਦਾ ਹੈ ? ਭਾਈ ਸਾਹਿਬ ਜੀ ਨੇ ਕਿਹਾ ਕਿ ਸਤਿਗੁਰੂ ਜੀ ਤਾਂ ਸਾਡਾ ਜੀਵਨ ਅਧਾਰ ਹਨ। ਇਹ ਗੁਰਸਿਖ ਦਾ ਵਿਸ਼ਵਾਸ ਹੁੰਦਾਹੈ। ਗੁਰਸਿਖ ਹਰ ਸਮੇਂ ਖਾਂਦਿਆਂ ਪੀਂਦਿਆਂ, ਉਠਦਿਆਂ ਬੈਠ-ਦਿਆਂ, ਜਾਗਦਿਆਂ ਸੌਂਦਿਆਂ ਉਸ ਨੂੰ ਯਾਦ ਕਰਦਾ ਰਹਿੰਦਾ ਹੈ। ਯਾਦ ਹੀ ਨਹੀਂ ਕਰਦਾ, ਸਗੋਂ ਆਪਣੇ ਗੁਰੂ ਨੂੰ ਸਦਾ ਆਪਣੇ ਨਾਲ ਸਮਝਦਾ, ਪਰਤੀਤ ਕਰਦਾ, ਉਸ ਦੇ ਦਰਸ਼ਨ ਕਰਦਾ ਤੇ ਉਸ ਨਾਲ ਗਲਾਂ ਕਰਦਾ ਹੈ। ਇਸ ਤਰ੍ਹਾਂ ਦਾ ਵਿਸ਼ਵਾਸ ਕਰਨ ਵਾਲਾ ਗੁਰਸਿੱਖ ਆਪਣੇ ਗੁਰੂ ਕੋਲੋਂ ਅਤੇ ਉਸਦਾ ਸਤਿਗੁਰੂ ਉਸ ਕੋਲੋਂ ਵੀ ਦੂਰ ਨਹੀਂ ਹੁੰਦਾ।

ਭਾਈ ਸਾਹਿਬ ਜੀ ਨੇ ਪਾਦਰੀ ਸਾਹਿਬ ਨੂੰ ਪੰਚਮ ਪਾਤ-ਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਵਾਰਤਾ ਸੁਣਾਈ ਕਿ ਜਿਸ ਸਮੇਂ ਪੰਚਮ ਪਾਤਸ਼ਾਹ ਜੀ ਤੱਤੀ ਤਵੀ ਪੁਰ ਬੈਠੇ ਸਨ ਤਾਂ ਇਕ ਮੁਸਲਮਾਨ ਫਕੀਰ ਪੀਰ ਮੀਆਂ ਮੀਰ ਜੀ ਤ੍ਰਾਹਿ ਤ੍ਰਾਹਿ ਕਰ ਉਠੇ ਸਨ ਤੇ ਕਹਿਣ ਲਗ ਪਏ ਸਨ ਕਿ

ਮੇਰੇ ਕੋਲੋਂ ਤੁਹਾਡੇ ਇਹ ਕਸ਼ਟ ਨਹੀਂ ਦੇਖੇ ਜਾਂਦੇ। ਉਸ ਸਮੇਂ ਪੰਚਮ ਪਾਤਸ਼ਾਹ ਜੀ ਨੇ ਮੁਸਕ੍ਰਾਉਂਦਿਆਂ ਉੱਤਰ ਦਿਤਾ ਸੀ, ਕਿ ਪੀਰ ਜੀ ਸਾਨੂੰ ਕਸ਼ਟ ਦੇਣ ਵਾਲਾ ਕੌਣ ਹੈ। ਸਾਡਾ ਸਤਿਗੁਰੂ ਸਾਡੇ ਅੰਗ ਸੰਗ ਹੈ। ਇਹ ਅੱਗ, ਇਹ ਤੱਤੀ ਤਵੀ, ਇਹ ਗਰਮ ਰੇਤ ਸਾਨੂੰ ਕੋਈ ਕਸ਼ਟ ਨਹੀਂ ਦੇ ਸਕਦੀਆਂ। ਸੋ ਇਸੇ ਤਰ੍ਹਾਂ ਇਹ ਜੇਹਲ ਦੇ ਤਸੀਹੇ, ਇਸ ਕੋਠੀ ਦੀ ਅਤਿ ਦਰਜੇ ਦੀ ਗਰਮੀ, ਹੁਸੜ ਤੇ ਇਹ ਕਹਿਰ ਸਾਨੂੰ ਕਸ਼ਟ ਨਹੀਂ ਦੇ ਸਕਦੇ। ਸਾਡੇ ਸਰੀਰ ਉਤੇ ਸਾਡੇ ਸਤਿਗੁਰੂ ਜੀ ਦਾ ਹੱਥ ਹੈ।

ਇਹ ਸੁਣ ਕੇ ਪਾਦਰੀ ਸਾਹਿਬ ਕਹਿਣ ਲਗੇ, ਜੋ ਆਪ ਕਹਿੰਦੇ ਹੋ ਸਭ ਸਚ ਹੈ, ਇਸ ਵਿਚ ਰਤਾ ਜਿੰਨਾਂ ਵੀ ਸ਼ੱਕ ਨਹੀਂ। ਮੈਂ ਇਸ ਕੋਠੀ ਵਿਚ ਦੋ ਘੰਟੇ ਬੰਦ ਰਹਿ ਕੇ ਦੇਖ ਚੁਕਾ ਹਾਂ ਕਿ ਇਕੱਲਾ ਆਦਮੀ ਇਸ ਕੋਠੀ ਵਿਚ ਬੰਦ ਰਹਿ ਹੀ ਨਹੀਂ ਸਕਦਾ। ਇਕ ਤੇ ਇਸ ਦੇ ਅੰਦਰ ਭਾਰੀ ਗਰਮੀ ਤੇ ਹੁਸੜ ਹੈ, ਥੋੜੇ ਚਿਰ ਵਿਚ ਹੀ ਸਾਹ ਘੁਟਣ ਲਗ ਜਾਂਦਾ ਹੈ। ਇਹ ਗੁਰੂ ਨਾਨਕ ਦੀ ਅਪਾਰ ਕਿਰਪਾ ਹੈ ਜੋ ਹਰ ਸਮੇਂ ਤੁਹਾਡੇ ਅੰਗ ਸੰਗ ਰਹਿੰਦੇ ਹਨ ਤੇ ਆਪ ਨੂੰ ਕੋਈ ਤਕਲੀਫ਼ ਨਹੀਂ ਹੁੰਦੀ। ਮੈਂ ਜਿੰਨਾ ਚਿਰ ਇਸ ਕੋਠੀ ਵਿਚ ਬੰਦ ਰਿਹਾ ਹਾਂ, ਮੈਨੂੰ ਤੇ ਇਸ ਦੀ ਇਕੱਲ ਖਾਣ ਨੂੰ ਪੈਂਦੀ ਸੀ। ਐ ਗੁਰ ਸਿਖ ! ਤੁਸੀਂ ਧੰਨ ਹੋ ਜੋ ਇਨ੍ਹਾਂ ਕਾਲ-ਕੋਠੀਆਂ ਵਿਚ ਬੰਦ ਰਹਿ ਕੇ ਫੇਰ ਵੀ ਜੀਊਂਦੇ ਹੋ ਤੇ ਚੜ੍ਹਦੀ ਕਲਾ ਵਿਚ ਰਹਿੰਦੇ ਹੋ। ਤੁਹਾਡੇ ਚਿਹਰੇ ਪੁਰ ਰੱਬੀ ਨੂਰ ਦਾ ਪਰਕਾਸ਼ ਹੈ, ਚਿਹਰਾ

ਜਗਮਗਾ ਰਿਹਾ ਹੈ। ਇਹ ਮੈਂ ਮੰਨਦਾ ਹਾਂ ਕਿ ਤੇਰਾ ਗੁਰੂ ਜ਼ਰੂਰ ਤੇਰੇ ਪਾਸ ਰਹਿੰਦਾ ਹੈ, ਤੇਰੇ ਨਾਲ ਗੱਲਾਂ ਕਰਦਾ ਹੈ ਤੇ ਤੇਰਾ ਦਿਲ ਪਰਚਾਉਂਦਾ ਰਹਿੰਦਾ ਹੈ।"

'ਇਹ ਸਭ ਮੇਰੇ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ, ਜੋ ਇਸ ਨਾ-ਚੀਜ਼ ਸੇਵਕ ਦੇ ਅੰਗ ਸੰਗ ਰਹਿ ਕੇ ਇਸ ਤਰ੍ਹਾਂ ਰੱਛਾ ਕਰਦੇ ਹਨ।' ਭਾਈ ਸਾਹਿਬ ਜੀ ਨੇ ਉੱਤਰ ਦਿਤਾ। ਇਹ ਸੁਣਦਿਆਂ ਹੀ ਪਾਦਰੀ ਜੇਲ੍ਹ ਦੇ ਕਰਮਚਾਰੀਆਂ ਸਣੇ ਭਾਈ ਸਾਹਿਬ ਕੋਲੋਂ ਚਲੇ ਗਏ ਅਤੇ ਜੇਲ੍ਹ ਦੇ ਦਫਤਰ ਵਿਚ ਪਹੁੰਚ ਕੇ ਉਨ੍ਹਾਂ ਨੇ ਜੇਲ੍ਹ ਦੀ ਲੌਗ ਬੁਕ ਲਈ, ਜਿਸ ਵਿਚ ਕਿ ਜੇਲ੍ਹ ਦੇ ਪ੍ਰਬੰਧ ਸਬੰਧੀ ਆਪਣੀ ਰਾਇ ਲਿਖਦੇ ਹਨ। ਪਾਦਰੀ ਨੇ ਉਸ ਵਡੇ ਰਜਿਸਟਰ ਦੇ ਦੋ ਤਿੰਨ ਸਫੇ ਲਿਖੇ ਉਨ੍ਹਾਂ ਵਿਚ ਜੇਲ੍ਹ ਦੇ ਅਤਿਆਚਾਰਾਂ ਦਾ ਸੁਹਣਾ ਨਕਸ਼ਾ ਖਿਚਿਆ। ਖਾਸ ਕਰਕੇ ਭਾਈ ਸਾਹਿਬ ਜੀ ਨਾਲ ਜੇਲ੍ਹ ਕਰਮਚਾਰੀਆਂ ਨੇ ਜੋ ਜੋ ਸਲੂਕ ਕੀਤੇ ਸਨ ਚੰਗੀ ਤਰ੍ਹਾਂ ਖੋਲ੍ਹ ਕੇ ਲਿਖ ਦਿਤੇ। ਅੰਤ ਵਿਚ ਸਿਫ਼ਾਰਸ਼ ਕੀਤੀ ਕਿ ਭਾਈ ਸਾਹਿਬ ਜੀ ਨੂੰ ਹਰ ਪਰਕਾਰ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਜੇਲ੍ਹ ਵਿਚੋਂ ਨਿਕਲ ਕੇ ਪਾਦਰੀ ਸਾਹਿਬ ਸਿਧੇ ਮਧ ਪਰਦੇਸ਼ ਦੇ ਗਵਰਨਰ ਨੂੰ ਜਾ ਮਿਲੇ ਅਤੇ ਉਸ ਨਾਲ ਜੇਲ੍ਹ ਦੇ ਅਤਿਆਚਾਰਾਂ ਅਤੇ ਖਾਸ ਕਰ ਕੇ ਭਾਈ ਸਾਹਿਬ ਨਾਲ ਕੀਤੇ ਗਏ ਵਰਤਾਰੇ ਬਾਬਤ ਗਲਾਂ ਕੀਤੀਆਂ। ਤੀਜੇ ਦਿਨ ਜੇਲ੍ਹ ਦੇ ਸੁਪ੍ਰਿੰਟਿੰਡੰਟ ਆਏ, ਭਾਈ ਸਾਹਿਬ ਜੀ ਨੂੰ ਉਸ ਕੋਠੀ ਵਿਚੋਂ ਕਢਿਆ ਅਤੇ ਇਕ ਖੁਲ੍ਹੀ ਹਵਾਦਾਰ ਬਾਰਕ ਜੋ ਚਾਲੀਆਂ

ਕੈਦੀਆਂ ਲਈ ਨੀਯਤ ਸੀ, ਭਾਈ ਸਾਹਿਬ ਜੀ ਨੂੰ ਦਿਤੀ ਗਈ। ਇਸ ਬਾਰਕ ਵਿਚ ਹਵਾ ਬੜੀ ਖੁਲ੍ਹੀ ਆ ਰਹੀ ਸੀ। ਅਸ਼ਨਾਨ ਲਈ ਪਾਣੀ ਦੇ ਨਲਕੇ ਲਗੇ ਹੋਏ ਸਨ। ਟਹਿਲਣ ਵਾਸਤੇ ਬੜੀ ਖੁਲ੍ਹੀ ਥਾਂ ਸੀ। ਰਾਤ ਨੂੰ ਮੱਛਰਾਂ ਤੋਂ ਬਚਾਉਣ ਲਈ ਮੱਛਰਦਾਨੀ ਵੀ ਲਾਈ ਗਈ ਤਾਂ ਜੋ ਭਾਈ ਸਾਹਿਬ ਜੀ ਨੂੰ ਕਿਸੇ ਪਰਕਾਰ ਦੀ ਕੋਈ ਤਕਲੀਫ ਨਾ ਹੋਵੇ। ਨਾਲ ਹੀ ਸੁਪ੍ਰਿੰਟੰਡੰਟ ਨੇ ਆਖਿਆ ਕਿ ਅਸੀਂ ਹੁਕਮ ਲੈ ਰਹੇ ਹਾਂ ਕਿ ਛੇਤੀ ਹੀ ਆਪ ਦੇ ਸਾਥੀ ਭਾਈ ਕਰਤਾਰ ਸਿੰਘ ਨੂੰ ਵੀ ਤੁਹਾਡੇ ਪਾਸ ਹੀ ਭੇਜ ਦਿਤਾ ਜਾਵੇ ਤਾਂ ਜੋ ਤੁਸੀਂ ਰਲ ਮਿਲ ਕੇ ਜੀਵਨ ਬਤੀਤ ਕਰੋ ਤੇ ਤੁਹਾਨੂੰ ਇਕਾਂਤ ਨਾ ਪਰਤੀਤ ਹੋਵੇ।

ਸੁਪ੍ਰਿੰਟੰਡੰਟ ਦਾ ਇਹ ਕਥਨ ਪੂਰਾ ਨਾ ਹੋਇਆ। ਇਕ ਮਹੀਨਾ ਭਰ ਭਾਈ ਕਰਤਾਰ ਸਿੰਘ ਜੀ ਇਹਨਾਂ ਪਾਸ ਨਾ ਜਾ ਸਕੇ, ਜਦੋਂ ਕਿ ਪੰਜਾਬ ਸਰਕਾਰ ਵਲੋਂ ਤਾਰ ਆ ਗਈ ਕਿ ਭਾਈ ਸਾਹਿਬ ਜੀ ਨੂੰ ਪੰਜਾਬ ਭੇਜ ਦਿਤਾ ਜਾਵੇ।

ਜਦੋਂ ਇਹ ਤਾਰ ਪੁਜੀ ਤਾਂ ਜੇਹਲ ਦੇ ਦਾਰੋਗੇ ਨੇ ਆ ਕੇ ਭਾਈ ਸਾਹਿਬ ਜੀ ਨੂੰ ਇਹ ਖੁਸ਼ਖਬਰੀ ਸੁਣਾਈ ਕਿ ਆਪ ਨੂੰ ਪੰਜਾਬ ਭੇਜੇ ਜਾਣ ਦਾ ਹੁਕਮ ਆ ਗਿਆ ਹੈ। ਯਤਨ ਕੀਤਾ ਜਾ ਰਿਹਾ ਹੈ ਕਿ ਆਪ ਨੂੰ ਹਥਕੜੀ ਤੇ ਬੇੜੀ ਪਹਿਨਾਏ ਬਿਨਾਂ ਹੀ ਦੋ ਸਿਪਾਹੀਆਂ ਦੇ ਨਾਲ ਪੰਜਾਬ ਭੇਜਿਆ ਜਾਵੇ। ਸਾਨੂੰ ਆਸ ਹੈ ਕਿ ਪੰਜਾਬ ਪਹੁੰਚਦਿਆਂ ਹੀ ਤੁਹਾਡੀ ਰਿਹਾਈ ਹੋ ਜਾਵੇਗੀ।

ਜਦੋਂ ਭਾਈ ਸਾਹਿਬ ਜੀ ਦੇ ਪੰਜਾਬ ਭੇਜੇ ਜਾਣ ਦੇ ਚਾਲਾਨ ਆ ਅਏ ਤਾਂ ਆਪ ਨੇ ਜੇਹਲ ਦੇ ਸੁਪ੍ਰਿੰਟੰਡੰਟ ਨੂੰ ਕਿਹਾ ਕਿ ਮੈਨੂੰ ਤੇ ਸਾਡੇ ਸਾਥੀ ਭਾਈ ਕਰਤਾਰ ਸਿੰਘ ਜੀ ਨੂੰ ਕਈਆਂ ਸਾਲਾਂ ਤੋਂ ਵਖ ਕੀਤਾ ਹੋਇਆ ਹੈ। ਤਿੰਨ ਸਾਲਾਂ ਤੋਂ ਸਾਨੂੰ ਮਿਲਣ ਵੀ ਨਹੀਂ ਦਿਤਾ ਗਿਆ। ਹੁਣ ਤਾਂ ਅਸੀਂ ਜਾ ਰਹੇ ਹਾਂ, ਇਸ ਲਈ ਸਾਨੂੰ ਇਕ ਦਿਨ ਲਈ ਤਾਂ ਇਕੱਠਿਆਂ ਕਰ ਦਿਓ। ਪਹਿਲਾਂ ਤਾਂ ਉਸ ਸੁਪ੍ਰਿੰਟੰਡੰਟ ਨੇ ਹਾਂ ਕਰ ਦਿਤੀ, ਪਰ ਜੇਲਰ ਨਹੀਂ ਸੀ ਚਾਹੁੰਦਾ ਕਿ ਇਹਨਾਂ ਨੂੰ ਇਕਠਿਆਂ ਕੀਤਾ ਜਾਵੇ। ਉਸ ਨੂੰ ਡਰ ਸੀ ਕਿ ਇਸ ਜੇਲ੍ਹ ਵਿਚ ਭਾਈ ਕਰਤਾਰ ਸਿੰਘ ਹੋਰਾਂ ਉਤੇ ਜੋ ਸਖਤੀਆਂ ਕੀਤੀਆਂ ਗਈਆਂ ਹਨ, ਕਿਤੇ ਭਾਈ ਸਾਹਿਬ ਨੂੰ ਮਲੂਮ ਨਾ ਹੋਣ, ਕਿਉਂਕਿ ਭਾਈ ਸਾਹਿਬ ਪੰਜਾਬ ਜਾ ਰਹੇ ਸਨ ਅਤੇ ਇਹ ਜ਼ਰੂਰੀ ਸੀ ਕਿ ਪੰਜਾਬ ਦੀਆਂ ਅਖਬਾਰਾਂ ਦੇ ਪੱਤਰ ਪ੍ਰੇਰਕ ਉਹਨਾਂ ਨੂੰ ਮਿਲਣਗੇ ਤੇ ਜੇਲ੍ਹ - ਬੀਤੀਆਂ ਬਾਬਤ ਪੁਛਣਗੇ। ਜੇਕਰ ਭਾਈ ਕਰਤਾਰ ਸਿੰਘ ਦੀਆਂ ਗੱਲਾਂ ਦਾ ਇਹਨਾਂ ਨੂੰ ਪਤਾ ਲਗ ਗਿਆ ਤਾਂ ਇਹ ਜੇਹਲ ਬਦਨਾਮ ਹੋ ਜਾਵੇਗੀ। ਇਸ ਲਈ ਜੇਹਲ ਦੇ ਦਰੋਗੇ ਨੇ ਕੁਝ ਟਾਲ ਮਟੋਲ ਕੀਤੀ। ਪਰ ਭਾਈ ਸਾਹਿਬ ਜੀ ਪੰਜਾਬ ਭੇਜੇ ਜਾਣ ਤੋਂ ਪਹਿਲਾਂ ਸੁਪ੍ਰਿੰਟੰਡੰਟ ਸਾਹਿਬ ਨੇ ਆਪਣੇ ਇਕਰਾਰ ਅਨੁਸਾਰ ਭਾਈ ਸਾਹਿਬ ਜੀ ਨੂੰ ਭਾਈ ਕਰਤਾਰ ਸਿੰਘ ਜੀ ਨਾਲ ਇਕੱਠਿਆਂ ਰਹਿਣ ਦੀ ਆਗਿਆ ਦੇ ਦਿਤੀ।

ਦੋਵੇਂ ਦੇਸ਼ ਭਗਤ ਗੁਰਮੁਖ ਪਿਆਰੇ, ਇਕ ਜੇਹਲ ਵਿਚ ਰਹਿੰਦਿਆਂ ਚਿਰਾਂ ਤੋਂ ਵਿਛੜੇ ਜਦੋਂ ਇਕ ਦੂਜੇ ਨੂੰ ਮਿਲੇ ਤਾਂ ਘੁਟ ਕੇ ਗਲਵੱਕੜੀ ਪਾ ਕੇ ਮਿਲੇ। ਇਕ ਦੂਸਰੇ ਨੂੰ ਮਿਲ ਕੇ ਅਤਿਅੰਤ ਪ੍ਰਸੰਨ ਹੋਏ, ਦਿਲਾਂ ਦੀਆਂ ਲਈਆਂ ਤੇ ਦਿਤੀਆਂ। ਚਿਰਾਂ ਦੇ ਵਿਛੁੜੇ ਵੀਰ ਇਕ ਦੂਜੇ ਨੂੰ ਮਿਲ ਕੇ ਨਿਹਾਲ ਹੋਏ। ਭਾਈ ਕਰਤਾਰ ਸਿੰਘ ਜੀ ਨੇ ਜੇਹਲ ਦੀਆਂ ਹੱਡ-ਬੀਤੀਆਂ ਸੁਣਾਈਆਂ। ਭਾਈ ਸਾਹਿਬ ਜੀ ਨੇ ਉਹਨਾਂ ਨੂੰ ਧਰਵਾਸ ਦਿਤਾ, ਅਤੇ ਹਮੇਸ਼ਾਂ ਚੜ੍ਹਦੀ ਕਲਾਂ ਵਿਚ ਰਹਿਣ ਦੀ ਪ੍ਰੇਰਨਾ ਕਰਦਿਆਂ ਕਿਹਾ—'ਇਹ ਜੇਹਲ ਦੀਆਂ ਸਖਤੀਆਂ ਕੀ ਹਨ? ਗੁਰਮੁਖ ਪਿਆਰੇ ਇਹਨਾਂ ਸਖਤੀਆਂ ਦੀ ਕੀ ਪਰਵਾਹ ਕਰਦੇ ਹਨ? ਗੁਰਸਿਖ ਇਸ ਸਰੀਰ ਨੂੰ ਆਪਣਾ ਸਮਝਦੇ ਹੀ ਹੀ ਨਹੀਂ, ਉਹ ਇਹੋ ਸਮਝਦੇ ਹਨ ਕਿ ਇਹ ਸਰੀਰ ਗੁਰੂ ਦਾ ਹੈ, ਸਤਿਗੁਰੂ ਦੇ ਸਰੀਰ ਨੂੰ ਕਦੀ ਕੋਈ ਕਸ਼ਟ ਦੇ ਹੀ ਨਹੀਂ ਸਕਦਾ। ਜੇ ਕੋਈ ਕਸ਼ਟ ਦੇਵੇ ਵੀ ਤਾਂ ਉਹ ਕਸ਼ਟ ਪੋਹ ਨਹੀਂ ਸਕਦਾ। ਜਦੋਂ ਗੁਰਸਿਖ ਨਾਮ ਦਾ ਸਿਮਰਨ ਕਰਦਾ ਹੈ ਤਾਂ ਸਤਿਗੁਰੂ ਜੀ ਅੰਗ ਸੰਗ ਹੁੰਦੇ ਹਨ ਅਤੇ ਗੁਰਸਿਖ ਦੀ ਰੱਛਾ ਕਰਦੇ ਹਨ।'

ਭਾਈ ਸਾਹਿਬ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਭਾਈ ਕਰਤਾਰ ਸਿੰਘ ਜੀ ਬੜੇ ਪ੍ਰਸੰਨ ਹੋਏ। ਉਹਨਾਂ ਨੂੰ ਪਤਾ ਸੀ ਕਿ ਭਾਈ ਸਾਹਿਬ ਪੰਜਾਬ ਜਾ ਰਹੇ ਹਨ ਤੇ ਉਥੇ ਜਾਂਦਿਆਂ ਹੀ ਰਿਹਾ ਕੀਤੇ ਜਾਣਗੇ। ਇਸ ਲਈ ਭਾਈ ਕਰਤਾਰ ਸਿੰਘ

ਜੀ ਨੇ ਕਿਹਾ ਕਿ ਜਦੋਂ ਆਪ ਸ੍ਰੀ ਅੰਮ੍ਰਿਤਸਰ ਸਾਹਿਬ ਜਾਓ ਤਾਂ ਸਾਡੇ ਵਲੋਂ ਵੀ ਸਤਿਗੁਰਾਂ ਦੀ ਹਜ਼ੂਰੀ ਵਿਚ ਅਰਦਾਸ ਕਰਨੀ ਕਿ ਕਰਤਾਰ ਸਿਰਜਣਹਾਰ ਇਸ ਦਾਸ ਨੂੰ ਚੜ੍ਹਦੀ ਕਲਾਂ ਵਿਚ ਰਖੇ।

ਦੋਵੇਂ ਗੁਰਮੁਖ ਪਿਆਰੇ ਇਕ ਦਿਨ ਤੇ ਇਕ ਰਾਤ ਜੇਲ੍ਹ ਦੀ ਕੋਠੜੀ ਵਿਚ ਰਹੇ। ਦੋਹਾਂ ਨੇ ਇਕ ਦੂਜੇ ਦੇ ਦਿਲ ਦੀਆਂ ਗੱਲਾਂ ਸੁਣੀਆਂ ਤੇ ਸੁਣਾਈਆਂ। ਦੋਵੇਂ ਬੜੇ ਪ੍ਰੇਮ-ਭਾਵ ਨਾਲ ਇਕ ਦੂਜੇ ਤੋਂ ਵਿਦਾ ਹੋਏ।

ਅਗਲੇ ਦਿਨ ਭਾਈ ਸਾਹਿਬ ਜੀ ਨੂੰ ਜੇਹਲ ਦੇ ਦਫਤਰ ਵਿਚ ਲਿਆਂਦਾ ਗਿਆ। ਇਹਨਾਂ ਦੀਆਂ ਪੁਸਤਕਾਂ ਜੋ ਇਹਨਾਂ ਪਾਸੋਂ ਖੋਹ ਲਈਆਂ ਸਨ, ਇਹਨਾਂ ਦੇ ਹਥ ਲਿਖੇ ਖਰੜੇ, ਜੋ ਇਹਨਾਂ ਨੇ ਇਸ ਜੇਹਲ ਵਿਚ ਰਹਿੰਦਿਆਂ ਲਿਖੇ ਸਨ, ਇਹਨਾਂ ਦੀਆਂ ਕੁਝ ਚਿਠੀਆਂ ਅਤੇ ਉਹ ਸਾਰੀਆਂ ਚੀਜ਼ਾਂ ਜੋ ਜੇਹਲ ਵਿਚ ਆਉਣ ਸਮੇਂ ਇਹਨਾਂ ਦੀ ਜਾਮਾ ਤਲਾਸ਼ੀ ਵਿਚੋਂ ਨਿਕਲੀਆਂ ਸਨ, ਭਾਈ ਸਾਹਿਬ ਜੀ ਨੂੰ ਵਾਪਸ ਕੀਤੀਆਂ ਗਈਆਂ। ਭਾਈ ਸਾਹਿਬ ਜੀ ਦੀ ਗਾਤਰੇ ਦੀ ਕ੍ਰਿਪਾਨ ਜੋ ਬੜੀ ਸ਼ਾਨਦਾਰ ਸੀ, ਉਹ ਗੁੰਮ ਹੋ ਗਈ ਸੀ। ਸੁਪ੍ਰਿੰਟੰਡੰਟ ਨੇ ਕਿਹਾ ਕਿ ਤੁਸੀਂ ਦਸੋ ਕਿ ਉਹ ਕਿਰਪਾਨ ਕਿੰਨੇ ਦੀ ਸੀ, ਅਸੀਂ ਉਸ ਦਾ ਮੁਲ ਭਰ ਦੇਂਦੇ ਹਾਂ।

ਭਾਈ ਸਾਹਿਬ ਜੀ ਹੱਸ ਪਏ ਅਤੇ ਕਹਿਣ ਲਗੇ—'ਇਹ ਠੀਕ ਹੈ ਕਿ ਵਧੀਆ ਤੋਂ ਵਧੀਆ ਕਿਰਪਾਨ ਬਾਜ਼ਾਰ ਵਿਚੋਂ

ਲਈ ਜਾ ਸਕਦੀ ਹੈ ਜਾਂ ਨਵੀਂ ਬਣਵਾਈ ਜਾ ਸਕਦੀ ਹੈ, ਪਰ ਉਹ ਕਿਰਪਾਨ ਜੋ ਗੁੰਮ ਹੋਈ ਹੈ ਉਹ ਬਹੁਮੁਲੀ ਵਸਤੂ ਸੀ, ਜੋ ਅੰਮ੍ਰਿਤ ਪਾਨ ਕਰਨ ਵੇਲੇ ਦੀ ਯਾਦਗਾਰ ਸੀ, ਉਹ ਜੀਵਨ ਦੀ ਇਕ ਵਿਸ਼ੇਸ਼ ਨਿਸ਼ਾਨੀ ਸੀ। ਸਾਨੂੰ ਉਸ ਦੇ ਗਵਾਚਣ ਦਾ ਡਰ ਹੈ, ਦੁਖ ਹੈ, ਪਰ ਜੇ ਕੋਈ ਗੁਰਮੁਖ ਪਿਆਰਾ ਉਸ ਨੂੰ ਇਕ ਸੁੰਦਰ ਤੇ ਪਿਆਰੀ ਵਸਤੂ ਜਾਣ ਕੇ ਲੈ ਗਿਆ ਹੈ ਤਾਂ ਸਾਨੂੰ ਪਰਸੰਨਤਾ ਹੋਵੇਗੀ ਕਿ ਸਾਡੀ ਪਿਆਰੀ ਕ੍ਰਿਪਾਨ ਨੇ ਕਿਸੇ ਨੂੰ ਪਿਆਰ ਬਖਸ਼ਿਆ ਹੈ।

ਸੁਪ੍ਰਿੰਟੰਡੰਟ ਭਾਈ ਸਾਹਿਬ ਜੀ ਦੇ ਇਹ ਪ੍ਰੇਮ ਤੇ ਸ਼ਰਧਾ ਭਰੇ ਬਚਨ ਸੁਣ ਕੇ ਬੜਾ ਪ੍ਰਸੰਨ ਹੋਇਆ।

ਭਾਈ ਸਾਹਿਬ ਲਈ ਪੰਜਾਬ ਜਾਣ ਦਾ ਹੁਕਮ ਤਾਂ ਆ ਚੁਕਾ ਸੀ ਅਤੇ ਇਹਨਾਂ ਦੀ ਰਿਹਾਈ ਦੀਆਂ ਤਿਆਰੀਆਂ ਵੀ ਮੁਕੰਮਲ ਹੋ ਚੁਕੀਆਂ ਸਨ, ਪਰ ਅਜੇ ਤਕ ਇਸ ਜੇਲ੍ਹ ਵਿਚੋਂ ਪੰਜਾਬ ਜਾਣ ਦੀ ਕਾਰਵਾਈ ਪੂਰੀ ਹੋਣ ਵਿਚ ਅਜੇ ਤਿੰਨ ਦਿਨ ਬਾਕੀ ਸਨ। ਭਾਈ ਸਾਹਿਬ ਚਾਹੁੰਦੇ ਸਨ ਕਿ ਉਹ ਗੁਰਮੁਖ ਪਿਆਰੇ ਜੋ ਪੰਜਾਬੀ ਲਾਈਨ ਵਿਚ ਰਹਿੰਦੇ ਸਨ, ਉਹਨਾਂ ਨੂੰ ਪਤਾ ਲਗ ਜਾਏ ਕਿ ਆਪ ਨਾਗਪੁਰ ਤੋਂ ਪੰਜਾਬ ਵਲ ਜਾ ਰਹੇ ਸਨ, ਪਰ ਉਹਨਾਂ ਗੁਰਮੁਖ ਪਿਆਰਿਆਂ ਨੂੰ ਕਿਸੇ ਤਰ੍ਹਾਂ ਵੀ ਪਤਾ ਨਾ ਲਗ ਸਕਿਆ। ਮਈ ਸੰਨ ੧੯੩੦ ਨੂੰ ਆਪ ਨਾਗਪੁਰ ਤੋਂ ਪੰਜਾਬ ਵਲ ਰਵਾਨਾ ਹੋ ਗਏ। ਆਪ ਜੀ ਦੇ ਨਾਲ ਨਾਗਪੁਰ ਪੁਲੀਸ ਦੇ ਸਿਪਾਹੀ ਸਨ। ਭਾਵੇਂ

ਨਾਗਪੁਰ ਸਟੇਸ਼ਨ ਉਤੇ ਚਾਰ ਸਿਖ ਸਿਪਾਹੀ ਆਪ ਜੀ ਨੂੰ ਪਿਆਰ ਤੇ ਉਤਸ਼ਾਹ ਨਾਲ ਮਿਲੇ ਅਤੇ ਉਹਨਾਂ ਵਿਚੋਂ ਦੋ ਸਿਪਾਹੀ ਪੰਜਾਬੀ ਲਾਈਨ ਦੇ ਪ੍ਰੇਮੀਆਂ ਨੂੰ ਖਬਰ ਵੀ ਪਹੁੰਚਾ ਆਏ, ਪਰ ਉਹਨਾਂ ਪ੍ਰੀਤੀਵਾਨਾਂ ਦੇ ਸਟੇਸ਼ਨ ਤੇ ਪੁਜਣ ਤੋਂ ਪਹਿਲਾਂ ਹੀ ਇਹਨਾਂ ਦੀ ਗੱਡੀ ਚਲ ਚੁਕੀ ਸੀ। ਜਿਥੇ ਭਾਈ ਸਾਹਿਬ ਜੀ ਦੀ ਇਹ ਲਾਲਸਾ ਪੂਰੀ ਨਾ ਹੋ ਸਕੀ, ਉਥੇ ਉਨ੍ਹਾਂ ਸੇਵਾ ਦੇ ਪੁੰਜ ਗੁਰਸਿਖਾਂ ਦੀਆਂ ਖੁਸ਼ੀਆਂ ਨਿਰਾਸਤਾ ਵਿਚ ਬਦਲ ਗਈਆਂ, ਜਦੋਂ ਉਹਨਾਂ ਨੂੰ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਬਿਨਾਂ ਹੀ ਸਟੇਸ਼ਨ ਤੋਂ ਵਾਪਸ ਮੁੜਨਾ ਪਿਆ।

ਰਸਤੇ ਵਿਚ ਅਟਾਰਸੀ ਦਾ ਸਟੇਸ਼ਨ ਆਇਆ। ਇਥੇ ਪ੍ਰਸਿਧ ਵਿਦਵਾਨ, ਨਾਮ ਦੇ ਰਸੀਏ, ਗੁਰਮੁਖ ਪਿਆਰੇ ਅਕਾਲੀ ਕੌਰ ਸਿੰਘ ਜੀ ਦਾ ਮਿਲਾਪ ਹੋਇਆ। ਦੋਵੇਂ ਗੁਰਮੁਖ ਪਿਆਰੇ ਇਕ ਦੂਸਰੇ ਨਾਲ ਇਸ ਤਰ੍ਹਾਂ ਗਲ ਲਗ ਕੇ ਮਿਲੇ ਕਿ ਦੋਹਾਂ ਨੂੰ ਹੀ ਆਪਾ ਭੁਲ ਗਿਆ। ਦੋਵੇਂ ਸਜਣ ਕਿੰਨਾ ਹੀ ਚਿਰ ਪਿਆਰ - ਮੁਗਧ ਹੋਏ ਰਹੇ ਅਤੇ ਦੋਹਾਂ ਦੀਆਂ ਅੱਖੀਆਂ ਪਿਆਰ ਹੰਝੂਆਂ ਨਾਲ ਛਲਕ ਰਹੀਆਂ ਸਨ। ਦੋਹਾਂ ਨੇ ਇਕ ਦੂਸਰੇ ਦੀ ਸੁਖ ਸਾਂਦ ਪੁਛੀ ਤੇ ਪੰਥਕ ਪ੍ਰੇਮ ਵਿਚ ਗਦ ਗਦ ਹੋਏ ਹਿਰਦੇ ਦਿੱਲੀ ਤਕ ਇਕੱਠੇ ਆਏ। ਇਹਨਾਂ ਦਿਨਾਂ ਵਿਚ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦੀ ਕੰਧ ਗਿਰਾਏ ਜਾਣ ਦਾ ਸਾਕਾ ਨਵਾਂ ਨਵਾਂ ਹੋਇਆ ਸੀ ਅਤੇ ਗੁਰੂ ਦੇ ਦਰ ਪ੍ਰਵਾਨੇ

ਸ੍ਰੀ ਦਸਮੇਸ਼ ਪਿਤਾ ਜੀ ਦੇ ਲਾਡਲੇ ਗੁਰਸਿੱਖ ਗੁਰਦਵਾਰੇ ਦੀ ਪਾਵਨ ਮਰਯਾਦਾ ਨੂੰ ਕਾਇਮ ਰੱਖਣ ਲਈ ਹੱਸ ਹੱਸ ਕੇ ਕੁਰਬਾਨੀਆਂ ਦੇਣ ਜਾ ਰਹੇ ਸਨ ਤੇ ਵਕਤ ਦੀ ਜ਼ਾਲਮ ਹਕੂਮਤ ਉਨ੍ਹਾਂ ਗੁਰਮੁਖ ਪਿਆਰਿਆਂ ਨੂੰ ਫੜ ਫੜ ਕੇ ਜੇਲ੍ਹਾਂ ਭਰ ਰਹੀ ਸੀ। ਜਦੋਂ ਇਹ ਖਬਰਾਂ ਇਨ੍ਹਾਂ ਮਹਾਂ ਪੁਰਖਾਂ ਨੇ ਸੁਣੀਆਂ, ਭਾਈ ਸਾਹਿਬ ਜੀ ਦਾ ਹਿਰਦਾ ਸਤਿਗੁਰਾਂ ਦੇ ਦਰ ਤੋਂ ਕੁਰਬਾਨ ਹੋਣ ਲਈ ਤਿਲਮਿਲਾਉਣ ਲਗਾ, ਪਰ ਕੀ ਹੋ ਸਕਦਾ ਸੀ, ਭਾਈ ਸਾਹਿਬ ਤਾਂ ਅਗੇ ਹੀ ਉਸ ਹਕੂਮਤ ਦੇ ਬੰਦੀਵਾਨ ਬਣੇ ਹੋਏ ਸਨ, ਜਿਹੜੀ ਗੁਰਸਿਖਾਂ ਨੂੰ ਫੜ ਫੜ ਕੇ ਜੇਲ੍ਹਾਂ ਭਰ ਰਹੀ ਸੀ। ਦਿਲੀ ਦੇ ਵਡੇ ਸਟੇਸ਼ਨ ਤੇ ਪੁਜ ਕੇ ਅਕਾਲੀ ਕੌਰ ਸਿੰਘ ਜੀ ਤਾਂ ਓਥੇ ਹੀ ਉਤਰ ਗਏ। ਅਕਾਲੀ ਜੀ ਨੇ ਦਿਲੀ ਤੋਂ ਨਾਰੰਗਵਾਲ ਤੇ ਅੰਮ੍ਰਿਤਸਰ ਤਾਰਾਂ ਦੇ ਦਿਤੀਆਂ ਕਿ ਭਾਈ ਸਾਹਿਬ ਜੀ ਨੂੰ ਉਸ ਗੱਡੀ ਤੇ ਸਿਪਾਹੀ ਲਾਹੌਰ ਸੈਂਟਰਲ ਜੇਲ੍ਹ ਵਲ ਲੈਜਾ ਰਹੇ ਹਨ। ਇਨ੍ਹਾਂ ਤਾਰਾਂ ਦਾ ਇਹ ਅਸਰ ਹੋਇਆ ਕਿ ਲੁਧਿਆਣੇ ਅਤੇ ਅੰਮ੍ਰਿਤਸਰ ਸਟੇਸ਼ਨਾਂ ਉਤੇ ਸਿਖ ਸੰਗਤਾਂ ਬੜੇ ਪਿਆਰ ਤੇ ਸ਼ਰਧਾ ਨਾਲ ਹੁਮ ਹੁਮਾ ਕੇ ਪੁਜ ਗਈਆਂ ਤੇ ਦੋਹਾਂ ਸਟੇਸ਼ਨਾਂ ਦਾ ਵਾਤਾਵਰਣ ਅਜਿਹਾ ਹੋ ਗਿਆ ਕਿ ਜਦੋਂ ਗੱਡੀ ਇਨ੍ਹਾਂ ਸਟੇਸ਼ਨਾਂ ਉਤੇ ਪੁਜੀ ਇਹ ਸਟੇਸ਼ਨ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜ ਉਠੇ। ਪ੍ਰੀਤਵਾਨਾਂ ਨੇ ਭਾਈ ਸਾਹਿਬ ਜੀ ਦਾ ਗਲ ਸਿਹਰਿਆਂ ਨਾਲ ਭਰਪੂਰ ਕਰ ਦਿਤਾ। ਅੰਤ ਗੱਡੀ ਲਾਹੌਰ ਜੰਕਸ਼ਨ ਤੇ ਜਾ ਪੁਜੀ।

ਗੱਡੀ ਰਾਤ ਸਮੇਂ ਲਾਹੌਰ ਪੁਜੀ ਜਿਸ ਕਰ ਕੇ ਭਾਈ ਸਾਹਿਬ ਜੀ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਪੁਚਾਣਾ ਬੜਾ ਮੁਸ਼ਕਿਲ ਸੀ, ਇਸ ਲਈ ਰਾਤ ਆਪ ਨੂੰ ਸਟੇਸ਼ਨ ਦੇ ਕੋਲ ਹੀ ਨੌਲੱਖੇ ਦੇ ਥਾਨੇ ਵਿਚ ਲੈ ਜਾਇਆ ਗਿਆ। ਥਾਨੇ ਦੇ ਇਨਚਾਰਜ ਨੇ ਕਿਹਾ ਕਿ ਇਨ੍ਹਾਂ ਨੂੰ ਉਸ ਹਵਾਲਾਤ ਦੀ ਕੋਠੜੀ ਵਿਚ ਬੰਦ ਕਰ ਦਿਓ। ਉਸ ਕੋਠੜੀ ਵਿਚ ਇਕ ਗੋਰਾ ਹਵਾਲਾਤੀ ਬੰਦਾ ਸੀ ਜਿਸ ਕੋਲੋਂ ਸ਼ਰਾਬ ਦੀ ਸੜ੍ਹਿਹਾਂਦ ਆ ਰਹੀ ਸੀ, ਇਸ ਲਈ ਭਾਈ ਸਾਹਿਬ ਜੀ ਨੇ ਉਸ ਕੋਠੜੀ ਵਿਚ ਜਾਣ ਤੋਂ ਇਨਕਾਰ ਕਰ ਦਿਤਾ। ਸਟੇਸ਼ਨ ਇਨਚਾਰਜ ਨੇ ਭਾਈ ਸਾਹਿਬ ਜੀ ਲਈ ਇਕ ਹੋਰ ਕੋਠੜੀ ਵਿਚ ਪਰਬੰਧ ਕਰ ਦਿਤਾ। ਇਹ ਕਮਰਾ ਬੜਾ ਖੁਲ੍ਹਾ ਸੀ, ਪਰ ਗਰਮੀ ਬਹੁਤ ਸੀ, ਜਿਸ ਕਰਕੇ ਬਿਜਲੀ ਦੇ ਪੱਖੇ ਦਾ ਪਰਬੰਧ ਕੀਤਾ ਗਿਆ। ਉਸ ਸਮੇਂ ਭਾਈ ਸਾਹਿਬ ਦੇ ਜੀਵਨ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਕਿ ਆਪ ਬਿਜਲੀ ਦੇ ਪੱਖੇ ਦੀ ਹਵਾ ਵਿਚ ਬਿਰਾਜਮਾਨ ਹੋਏ। ਇਸ ਤੋਂ ਪਹਿਲਾਂ ਜਿਨ੍ਹਾਂ ਜਿਨ੍ਹਾਂ ਜੇਲ੍ਹਾਂ ਵਿਚ ਆਪ ਰਹੇ, ਓਥੇ ਤਾਂ ਆਪ ਨੂੰ ਇਕ ਖਤਰਨਾਕ ਕੈਦੀ ਦੇ ਰੂਪ ਵਿਚ ਰਖਿਆ ਜਾਂਦਾ ਰਿਹਾ ਸੀ ਇਸ ਲਈ ਇਨ੍ਹਾਂ ਜੇਲ੍ਹਾਂ ਵਿਚ ਬਿਜਲੀ ਦੇ ਪੱਖਿਆਂ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਅਗਲੇ ਦਿਨ ਆਪ ਲਾਹੌਰ ਸੈਂਟਰਲ ਜੇਲ੍ਹ ਵਿਚ ਪਹੁੰਚੇ। ਇਸ ਜੇਲ੍ਹ ਦਾ ਸੁਪ੍ਰਿੰਟੈਂਡੈਂਟ ਮਿਸਟਰਚੋਪੜਾ ਸੀਮਿਸਟਰ ਚੋਪੜਾ ਨੇਆਪ

ਜੀ ਦੇ ਜੇਲ੍ਹ ਯਾਤਰਾ ਦੇ ਕਾਗਜ਼ ਦੇਖ ਕੇ ਪੁਛਿਆ—'ਸ੍ਰੀ ਮਾਨ ਜੀ ! ਆਪ 'ਬੀ' ਕਲਾਸ ਦੇ ਕੈਦੀ ਹੋ। ਦਸੋ ਕਿ ਆਪ ਜੀ ਨੇ 'ਬੀ' ਕਲਾਸ ਦੇ ਅਰਾਮ ਵਾਲੇ ਕਮਰੇ ਵਿਚ ਰਹਿਣਾ ਹੈ ਜਾਂ ਜਿਥੇ ਆਪ ਦੇ ਦੂਸਰੇ ਸਾਥੀ ਹਨ ਉਥੇ ਜਾਣਾ ਹੈ, ਉਹ ਤੇ 'ਸੀ' ਕਲਾਸ ਦੇ ਕੈਦੀ ਹਨ।'ਭਾਈ ਸਾਹਿਬ ਜੀ ਨੇ ਹਸਦਿਆਂ ਕਿਹਾ, 'ਬੀ ਕਲਾਸ ਅਸੀਂ ਕੀ ਕਰਨੀ ਹੈ, ਅਸੀਂ ਤੇ ਆਪਣੇ ਭਰਾਵਾਂ ਨਾਲ ਹੀ ਰਹਾਂਗੇ।' ਇਸ ਜੇਲ੍ਹ ਵਿਚ ਭਾਈ ਚੂਹੜ ਸਿੰਘ ਜੀ ਇਕ ਰਾਜਸੀ ਕੈਦੀ ਸਨ ਜੋ ਬੜੇ ਭਰੋਸੇ ਯੋਗ ਸੱਜਣ ਸਨ। ਸੁਪ੍ਰਿੰਟੰਡੰਟ ਨੇ ਉਹਨਾਂ ਨੂੰ ਬੁਲਾਇਆ ਅਤੇ ਉਹਨਾਂ ਨਾਲ ਉਹਨਾਂ ਕੁਝ ਗਲ ਬਾਂਤ ਕਰਕੇ ਭਾਈ ਸਾਹਿਬ ਜੀ ਨਾਲ ਜਾਣ ਪਛਾਣ ਕਰਾਈ।

ਭਾਈ ਚੂਹੜ ਸਿੰਘ ਜੀ ਅਤੇ ਭਾਈ ਸਾਹਿਬ ਜੀ ਨੇ ਭਾਵੇਂ ਇਕ ਦੂਸਰੇ ਦੇ ਪਹਿਲਾਂ ਦਰਸ਼ਨ ਨਹੀਂ ਸੀ ਕੀਤੇ ਤਦ ਵੀ ਦੋਵੇਂ ਇਕ ਦੂਸਰੇ ਨੂੰ ਗਲਵਕੜੀ ਪਾ ਕੇ ਇਸ, ਤਰ੍ਹਾਂ ਮਿਲੇ, ਜਿਵੇਂ ਚਿਰਾਂ ਦੇ ਵਿਛੜੇ ਹੋਏ ਮਿਤਰ ਇਕ ਦੂਸਰੇ ਨੂੰ ਮਿਲਦੇ ਹਨ। ਭਾਈ ਚੂਹੜ ਸਿੰਘ ਜੀ ਭਾਈ ਸਾਹਿਬ ਜੀ ਦੇ ਦਰਸ਼ਨ ਕਰਕੇ ਗਦ ਗਦ ਹੋ ਗਏ ਅਤੇ ਬੜੇ ਪ੍ਰੇਮ ਨਾਲ ਭਾਈ ਸਾਹਿਬ ਜੀ ਨੂੰ ਆਪਣੇ ਨਾਲ ਹੀ ਲੈ ਗਏ। ਜਿਸ ਬਾਰਕ ਵਿਚ ਆਪ ਜੀ ਨੂੰ ਲੈ ਕੇ ਗਏ, ਇਸ ਵਿਚ ਅਕਾਲੀ ਲਹਿਰ ਦੇ ਕੈਦ ਕੀਤੇ ਹੋਏ ਅਨੇਕਾਂ ਸਿੰਘ ਸਨ। ਸਿਰਾਂ ਪੁਰ ਦਸਤਾਰੇ, ਤੇੜ ਕਛਹਿਰੇ, ਪੂਰਨ ਗੁਰਸਿਖ, ਸਾਬਤ ਸੂਰਤ, ਬਾਣੀ ਦੇ ਪਰੇਮੀ, ਜਦੋਂ

ਉਹਨਾਂ ਨੂੰ ਪਤਾ ਲਗਾ ਕਿ ਭਾਈ ਸਾਹਿਬ ਸੀ ਨਾਗਪੁਰੋਂ ਉਥੇ ਪਹੁੰਚ ਗਏ ਹਨ ਤਾਂ ਸਾਰੇ ਸਿੰਘਾਂ ਨੂੰ ਚਾਅ ਚੜ੍ਹ ਗਿਆ ਅਤੇ ਉਹ ਬੜੇ ਉਤਸ਼ਾਹ ਨਾਲ ਭਾਈ ਸਾਹਿਬ ਨੂੰ ਮਿਲਣ ਲਈ ਆਏ। ਸਾਰੇ ਸਿੰਘ ਭਾਈ ਸਾਹਿਬ ਜੀ ਨੂੰ ਮਿਲ ਕੇ ਬੜੇ ਪ੍ਰਸੰਨ ਹੋਏ ਅਤੇ ਦੋਹਾਂ ਧਿਰਾਂ ਨੇ ਜੇਲ੍ਹ ਯਾਤਰਾ ਦੀਆਂ ਕਹਾਣੀਆਂ ਬੜੇ ਚਾਅ ਤੇ ਉਤਸ਼ਾਹ ਨਾਲ ਸੁਣਾਈਆਂ।

ਹੁਣ ਇਸ ਜੇਲ੍ਹ ਵਿਚ ਲੰਗਰ ਦਾ ਪ੍ਰਬੰਧ ਭਾਈ ਵਸਾਵਾ ਸਿੰਘ ਜੀ, ਵੀਰ ਹਰਨਾਮ ਸਿੰਘ, ਵੀਰ ਕਿਰਪਾ ਸਿੰਘ ਜੀ ਅਤੇ ਵੀਰ ਪਾਖਰ ਸਿੰਘ ਜੀ ਦੇ ਹਥ ਸੀ। ਇਹ ਗੁਰਮੁਖ ਪਿਆਰੇ ਬੜੇ ਪ੍ਰੇਮ ਨਾਲ ਪਰਸ਼ਾਦੇ ਤਿਆਰ ਕਰਦੇ ਅਤੇ ਸਾਰੇ ਕੈਦੀਆਂ ਨੂੰ ਛਕਾਉਂਦੇ। ਉਸ ਤੋਂ ਮਗਰੋਂ ਦੁਧ ਆਉਂਦਾ, ਇਹ ਪ੍ਰੇਮੀ ਦੁਧ ਗਰਮ ਕਰ ਕੇ ਸਾਰਿਆਂ ਵਿਚ ਇਕੋ ਜਿਹਾ ਵੰਡਦੇ। ਆਪਣੇ ਜੋਗਾ ਭਾਵੇਂ ਬਚੇ ਨਾ ਬਚੇ ਪਰ ਇਹ ਦੂਸਰੇ ਕੈਦੀਆਂ ਨੂੰ ਛਕਾਕੇ ਬੜਾ ਆਨੰਦ ਪ੍ਰਾਪਤ ਕਰਦੇ। ਜੇਲ੍ਹ ਵਿਚ ਹੀ ਸਵੇਰੇ ਤੇ ਸ਼ਾਮ ਗੁਰਬਾਣੀ ਦੇ ਪਾਠ ਹੁੰਦੇ ਅਤੇ ਉਹ ਗੁਰਮੁਖ ਪਿਆਰੇ ਜਿਨ੍ਹਾਂ ਨੂੰ ਬਾਣੀ ਕੰਠ ਸੀ, ਉਹ ਗੁਰਬਾਣੀ ਦਾ ਪਾਠ ਕਰਦੇ ਅਤੇ ਦੂਸਰੇ ਸਰਵਣ ਕਰਦੇ। ਮੂਲ ਕੀ ਇਸ ਕਲਜੁਗੀ ਜੇਲ੍ਹ ਵਿਚ ਸਤਿਜੁਗ ਦਾ ਵਾਤਾਵਰਣ ਬਣਿਆ ਹੋਇਆ ਸੀ। ਕਿਸੇ ਵੀ ਕੈਦੀ ਦੇ ਚਿਹਰੇ ਉਤੇ ਕਿਸੇ ਸਮੇਂ ਕੋਈ ਚਿੰਤਾ ਨਹੀਂ ਸੀ ਨਜ਼ਰ ਆਉਂਦੀ। ਸ੍ਰੀ ਦਸਮੇਸ਼ ਜੀ ਦੇ ਅਕਾਲੀ ਸਿੰਘ ਹਰ ਵਕਤ ਚੜ੍ਹਦੀ ਕਲਾ ਵਿਚ ਰਹਿੰਦੇ ਅਤੇ

ਕਰਤਾਰ ਸਿਰਜਣਹਾਰ ਦਾ ਸ਼ੁਕਰ ਸ਼ੁਕਰ ਕਰਦੇ ਜੇਲ੍ਹ ਯਾਤਰਾ ਦੀਆਂ ਘੜੀਆਂ ਅਨੰਦ ਨਾਲ ਗੁਜ਼ਾਰ ਰਹੇ ਸਨ। ਇਸ ਜੇਲ੍ਹ ਵਿਚ ਸਚ ਮੁਚ ਹੀ ਸਿੰਘਾਂ ਦਾ ਜੀਵਨ ਪੂਰਨ ਗੁਰ-ਸਿਖਾਂ ਵਾਲਾ ਨਜ਼ਰ ਆ ਰਿਹਾ ਸੀ।

ਅਜੇ ਇਕ ਮਹੀਨਾ ਹੀ ਬੀਤਿਆ ਸੀ ਕਿ ਨਾਗਪੁਰ ਜੇਲ੍ਹ ਤੋਂ ਭਾਈ ਕਰਤਾਰ ਸਿੰਘ ਜੀ ਵੀ ਬਦਲ ਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਆ ਗਏ। ਇਹ ਗੁਰਮੁਖ ਪਿਆਰੇ ਵੀ ਗੁਰਬਾਣੀ ਦੇ ਬੜੇ ਪ੍ਰੇਮੀ ਸਨ। ਇਹਨਾਂ ਦੇ ਆਉਣ ਨਾਲ ਸ਼ਬਦ ਕੀਰ-ਤਨ ਦਾ ਪਰੋਗਰਾਮ ਵੀ ਆਰੰਭ ਹੋ ਗਿਆ। ਸੰਨ ੧੯੩੦ ਵਿਚ ਪੰਜਾਬ ਅੰਦਰ ਕਾਂਗਰਸ ਵਲੋਂ ਸਿਵਲ ਨਾ ਫੁਰਮਾਨੀ ਆਰੰਭ ਹੋ ਚੁਕੀ ਸੀ, ਜਿਸ ਕਰਕੇ ਸਿਵਲ ਨਾ ਫੁਰਮਾਨੀ ਵਿਚ ਕੈਦ ਹੋਏ ਅਨੇਕਾਂ ਅਕਾਲੀ ਸਿੰਘ ਕੈਦ ਹੋ ਕੇ ਇਸ ਜੇਲ੍ਹ ਵਿਚ ਆ ਗਏ ਜਿਸ ਕਰ ਕੇ ਇਸ ਜੇਲ੍ਹ ਵਿਚ ਸਿੰਘਾਂ ਦੀ ਹੋਰ ਗਿਣਤੀ ਵਧ ਗਈ ਤੇ ਰੌਣਕ ਦਿਨੋਂ ਦਿਨ ਦੂਣੀ ਹੋਣ ਲਗ ਪਈ। ਸਾਰਾ ਦਿਨ ਜੇਲ੍ਹ ਦੇ ਮੈਦਾਨ ਵਿਚ ਇਕ ਦਰਖਤ ਥਲੇ ਦੀਵਾਨ ਲਗਦਾ, ਕਥਾ ਕੀਰਤਨ ਹੁੰਦਾ, ਦੂਸਰੇ ਇਖਲਾਕੀ ਕੈਦੀ ਵੀ ਇਸ ਦੀਵਾਨ ਵਿਚ ਸ਼ਾਮਲ ਹੁੰਦੇ। ਉਹ ਇਖਲਾਕੀ ਕੈਦੀ ਜੋ ਪਹਿਲਾਂ ਜੇਲ੍ਹ ਵਿਚ ਰੌਲਾ ਪਾਉਂਦੇ ਅਤੇ ਖਰੂਦ ਮਚਾਉਂਦੇ ਹੁੰਦੇ ਸਨ, ਹੁਣ ਉਹ ਵੀ ਬੜੇ ਨੇਕ ਬਣ ਗਏ, ਜਿਸ ਕਰ ਕੇ ਜੇਲ੍ਹ ਦਾ ਦਰੋਗਾ ਖਾਨ ਸਾਹਿਬ ਮੁਹੰਮਦ ਅਕਬਰ ਬੜਾ ਪ੍ਰਸੰਨ ਸੀ ਅਤੇ ਉਹ ਭਾਈ ਸਾਹਿਬ ਦਾ ਬੜਾ ਸਤਿਕਾਰ

ਕਰਨ ਲਗ ਪਿਆ ਸੀ। ਉਸ ਦਾਰੋਗੇ ਦੀ ਭਾਈ ਸਾਹਿਬ ਉਤੇ ਬੜੀ ਸ਼ਰਧਾ ਹੋ ਚੁਕੀ ਸੀ। ਜਿਸ ਕਰ ਕੇ ਉਹ ਸਾਹਿਬ ਜੀ ਦੇ ਪਰੇਮ ਭਰੇ ਬਚਨਾਂ ਨੂੰ ਸਿਰ ਮੱਥੇ ਪਰਵਾਨ ਕਰਨ ਲਗ ਪਿਆ ਸੀ। ਉਹ ਭਾਈ ਸ਼ਾਹਿਬ ਜੀ ਨੂੰ ਇਕ ਫ਼ਕੀਰ ਸਮ-ਝਦਾ ਸੀ, ਇਸ ਲਈ ਉਹ ਭਾਈ ਸਾਹਿਬ ਜੀ ਦੀ ਕੋਈ ਵੀ ਗੱਲ ਨਹੀਂ ਸੀ ਮੋੜਦਾ। ਜਦੋਂ ਕੋਈ ਵੀ ਸੱਜਣ ਭਾਈ ਸਾਹਿਬ ਜੀ ਨਾਲ ਮੁਲਾਕਾਤ ਕਰਨ ਲਈ ਆਉਂਦੇ ਤਾਂ ਖਾਨ ਸਾਹਿਬ ਭਾ: ਸਾਹਿਬ ਨੂੰ ਅਤੇ ਉਸ ਸੱਜਣ ਨੂੰ ਆਪਣੇ ਕਮਰੇ ਵਿਚ ਬੜੇ ਸਤਿਕਾਰ ਨਾਲ ਬੈਠਾ ਕੇ ਉਹਨਾਂ ਦੀ ਮੁਲਕਾਤ ਕਰਾਉਂਦੇ। ਕਿਸੇ ਕਿਸੇ ਸਮੇਂ ਖਾਨ ਸਾਹਿਬ ਭਾਈ ਸਾਹਿਬ ਜੀ ਨਾਲ ਇਕਾਂਤ ਵਿਚ ਗਲਾਂ ਕਰਕੇ ਬੜੇ ਪ੍ਰਸੰਨ ਹੁੰਦੇ ਅਤੇ ਭਾਈ ਸਾਹਿਬ ਜੀ ਪਾਸੋਂ ਕਈ ਪਰਕਾਰ ਦੀਆਂ ਸਿਖਿਆਂ ਲੈ ਕੇ ਉਹਨਾਂ ਉਤੇ ਅਮਲ ਕਰਨ ਦਾ ਯਤਨ ਕਰਦੇ।

ਇਕ ਦਿਨ ਖਾਨ ਸਾਹਿਬ ਜੀ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਇਹ ਖਬਰ ਅਜੇ ਗੁਪਤ ਰਖਣੀ ਕਿ ਆਪ ਜੀ ਦੀ ਰਿਹਾਈ ਸਬੰਧੀ ਸਰਕਾਰ ਨਾਲ ਚਿੱਠੀ ਪੱਤਰ ਹੋ ਰਹੀ ਹੈ ਅਤੇ ਆਸ ਹੈ ਕਿ ਥੋੜੇ ਦਿਨਾਂ ਤਕ ਆਪ ਨੂੰ ਰਿਹਾ ਕਰ ਦਿਤਾ ਜਾਵੇਗਾ।

ਦੋ ਕੁ ਦਿਨਾਂ ਮਗਰੋਂ ਸਰਦਾਰ ਬਹਾਦਰ ਸੰਤ ਸਿੰਘ ਜੀ ਜੋ ਸੀ. ਆਈ.ਡੀ. ਦੇ ਸੁਪ੍ਰਿੰਟੰਡੰਟ ਸਨ, ਜੇਲ੍ਹ ਵਿਚ ਭਾਈ ਸਾਹਿਬ ਜੀ ਨਾਲ ਮੁਲਾਕਾਤ ਕਰਨ ਵਾਸਤੇ ਆਏ ਅਤੇ ਉਨ੍ਹਾਂ ਨੇ ਕਈ

ਪ੍ਰਕਾਰ ਦੀਆਂ ਗੱਲਾਂ ਕੀਤੀਆ। ਇਨ੍ਹਾਂ ਗੱਲਾਂ ਦਾ ਸੂਦਾਰ ਸੰਤ ਸਿੰਘ ਜੀ ਉਤੇ ਬੜਾ ਡੂੰਘਾ ਅਸਰ ਹੋਇਆ। ਉਹ ਬੜੀ ਪਰਸੰਨਤਾ ਨਾਲ ਚਲੇ ਗਏ। ਉਸ ਦਿਨ ਤੋਂ ਮਗਰੋ ਦਾਰੋਗਾ ਸਾਹਿਬ ਅਤੇ ਸੁਪ੍ਰਿੰਟੰਡੰਟ ਸਾਹਿਬ ਰੋਜ਼ ਭਾਈ ਸਾਹਿਬ ਜੀ ਨੂੰ ਮਿਲਣ ਲਈ ਆਉਂਦੇ, ਪ੍ਰੇਮ ਪਿਆਰ ਦੀ ਵਾਰਤਾਲਾਪ ਕਰਦੇ ਅਤੇ ਬੇਨਤੀ ਕਰਦੇ ਕਿ ਕੋਈ ਸੇਵਾ ਦਸੋ।

ਇਕ ਦਿਨ ਭਾਈ ਸਾਹਿਬ ਜੀ ਨੇ ਦਾਰੋਗੇ ਕੋਲੋਂ ਵਚਨ ਲਿਆ ਕਿ ਭਾਈ ਸਾਹਿਬ ਜੋ ਵੀ ਕਹਿਣਗੇ ਉਹ ਉਹਨਾਂ ਦਾ ਵਚਨ ਪੂਰਾ ਕਰੇਗਾ। ਸੋ ਭਾਈ ਸਾਹਿਬ ਜੀ ਨੇ ਉਸ ਦੇ ਇਸ ਵਚਨ ਦੇਣ ਪੁਰ ਕਿਹਾ, ਅੱਛਾ ਜੇਕਰ ਆਪ ਕਿਰਪਾ ਕਰ ਸਕਦੇ ਹੋ ਤਾਂ ਸਾਨੂੰ ਉਸ ਨੌਜਵਾਨ ਭਗਤ ਸਿੰਘ ਨਾਲ ਮੁਲਾ-ਕਾਤ ਕਰਵਾ ਦਿਓ ਜਿਸ ਨੂੰ ਫਾਂਸੀ ਦੀ ਸਜ਼ਾ ਹੋ ਚੁਕੀ ਹੈ। ਉਹ ਨੌਜਵਾਨ ਵੀ ਚਾਹੁੰਦਾ ਹੈ ਕਿ ਸਾਡੀ ਕਿਸੇ ਨਾ ਕਿਸੇ ਤਰ੍ਹਾਂ ਮੁਲਾਕਾਤ ਹੋ ਜਾਵੇ। ਦਾਰੋਗਾ ਪਹਿਲਾਂ ਤਾਂ ਘਬਰਾ ਗਿਆ, ਫਿਰ ਕਹਿਣ ਲਗਾ ਕਿ ਸੁਪ੍ਰਿੰਟੰਡੰਟ ਸਾਹਿਬ ਕੋਲੋਂ ਆਗਿਆ ਲੈਣੀ ਪਵੇਗੀ। ਸੁਪ੍ਰਿੰਟੰਡੰਟ ਸਾਹਿਬ ਅਗੇ ਹੀ ਭਾਈ ਸਾਹਿਬ ਜੀ ਦੇ ਸ਼ਰਧਾਲੂ ਸਨ। ਜਦੋਂ ਦਾਰੋਗਾ ਸਾਹਿਬ ਨੇ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਹ ਮੰਨ ਗਏ ਅਤੇ ਕਿਹਾ ਕਿ ਹਾਂ ਭਾਈ ਸਾਹਿਬ ਜੀ ਦਾ ਹੁਕਮ ਨਾ ਮੋੜਿਆ ਜਾਵੇ ਅਤੇ ਮੁਲਾਕਾਤ ਦਾ ਪ੍ਰਬੰਧ ਕਰਵਾ ਦਿਤਾ ਜਾਵੇ। ਸੋ ਇਸ ਫੈਸਲੇ ਅਨੁਸਾਰ ਉਨ੍ਹਾਂ ਨੇ ਅਜਿਹਾ ਪ੍ਰਬੰਧ ਕਰ ਲਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਦੋ

ਘੰਟਿਆਂ ਲਈ ਇਹ ਮੁਲਾਕਾਤ ਕਰਵਾ ਦਿਤੀ ਜਾਵੇ।

ਦਾਰੋਗਾ ਸਾਹਿਬ ਨੇ ਉਨ੍ਹਾਂ ਕਾਲ ਕੋਠੀਆਂ ਦੇ ਵਾਰਡਰ ਨੂੰ ਬੁਲਾਇਆ, ਜਿਨ੍ਹਾਂ ਵਿਚ ਫਾਂਸੀ ਦਿਤੇ ਜਾਣ ਵਾਲੇ ਕੈਦੀ ਬੰਦ ਸਨ ਤੇ ਉਸ ਨੂੰ ਤਾਕੀਦ ਕੀਤੀ ਕਿ ਭਾਈ ਸਾਹਿਬ ਨੂੰ ਭਗਤ ਸਿੰਘ ਨਾਲ ਮੁਲਾਕਾਤ ਕਰਵਾ ਦਿਤੀ ਜਾਵੇ।

# ੧੦.

# ਭਗਤ ਸਿੰਘ (ਸ਼ਹੀਦ) ਨਾਲ ਮੁਲਾਕਾਤ

ਨੌਜਵਾਨ ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਵਿਚ ਆਪਣੇ ਸਾਥੀਆਂ ਸਣੇ ਕੈਦ ਸੀ ਅਤੇ ਇਨ੍ਹਾਂ ਨੂੰ ਸਾਂਡਰਸ ਦੇ ਕਤਲ ਦਾ ਝੂਠਾ ਇਲਜ਼ਾਮ ਲਾ ਕੇ ਫਾਂਸੀ ਦੀ ਸਜ਼ਾ ਦਿਤੀ ਜਾ ਚੁਕੀ ਸੀ। ਹੁਣ ਥੋੜੇ ਦਿਨਾਂ ਤਕ ਇਹ ਨੌਜਵਾਨ ਭਗਤ ਸਿੰਘ ਆਪਣੇ ਸਾਥੀਆਂ ਸਣੇ ਫਾਂਸੀ ਤੇ ਲਟਕਾ ਦਿਤਾ ਜਾਣਾ ਸੀ, ਪਰ ਇਸ ਦੇ ਦਿਲ ਅੰਦਰ ਇਕ ਲਾਲਸਾ ਸੀ ਕਿ ਇਸ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ ਹੋ ਜਾਵੇ, ਸੋ ਭਾਈ ਸਾਹਿਬ ਜੀ ਨੇ ਇਸ ਮੁਲਾ-ਕਾਤ ਦਾ ਪਰਬੰਧ ਕਰ ਹੀ ਲਿਆ ਸੀ। ਜੇਲ੍ਹ ਦਾ

ਵਾਰਡਰ ਭਾਈ ਸਾਹਿਬ ਜੀ ਨੂੰ ਬੜੇ ਸਤਿਕਾਰ ਨਾਲ ਉਸ ਕੋਠੜੀ ਵਲ ਲੈ ਗਿਆ ਸੀ, ਜਿਸ ਵਿਚ ਭਗਤ ਸਿੰਘ ਕੈਦ ਸੀ। ਭਗਤ ਸਿੰਘ ਨੂੰ ਸ਼ਾਇਦ ਪਹਿਲਾਂ ਹੀ ਇਸ ਗੱਲ ਦਾ ਪਤਾ ਲਗ ਚੁਕਾ ਸੀ ਕਿ ਇਨ੍ਹਾਂ ਦੀ ਮੁਲਾਕਾਤ ਦੀ ਪ੍ਰਵਾਨਗੀ ਮਿਲ ਚੁਕੀ ਸੀ, ਇਸ ਲਈ ਭਗਤ ਸਿੰਘ ਬੜਾ ਪ੍ਰਸੰਨ ਸੀ। ਭਾਈ ਸਾਹਿਬ ਜੀ ਨੂੰ ਆਪਣੇ ਵਲ ਆਉਂਦਾ ਦੇਖ ਕੇ ਉਹ ਖੁਸ਼ੀ ਨਾਲ ਗਦ ਗਦ ਹੋ ਰਿਹਾ ਸੀ। ਭਾਈ ਸਾਹਿਬ ਜੀ ਜੰਗਲੇ ਦੇ ਬਾਹਰ ਸਨ ਅਤੇ ਭਗਤ ਸਿੰਘ ਜੰਗਲੇ ਦੇ ਅੰਦਰ ਸੀ। ਭਗਤ ਸਿੰਘ ਨੇ ਭਾਈ ਸਾਹਿਬ ਜੀ ਨੂੰ ਦੇਖ ਕੇ ਦੋਵੇਂ ਹੱਥ ਜੋੜ ਕੇ ਫਤਹ ਬੁਲਾਈ ਅਤੇ ਬੜੇ ਸਤਿਕਾਰ ਨਾਲ ਸਿਰ ਨਿਵਾ ਕੇ ਖੜਾ ਹੋ ਗਿਆ। ਭਾਈ ਸਾਹਿਬ ਜੀ ਨੇ ਵੀ ਦੋਵੇਂ ਹਥ ਜੋੜ ਕੇ ਫਤਹ ਬੁਲਾਈ।

ਇਸ ਸਮੇਂ ਭਗਤ ਸਿੰਘ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਸਨ ਅਤੇ ਉਸ ਦੇ ਮੂੰਹੋਂ ਇਹ ਸ਼ਬਦ ਨਿਕਲੇ, "ਅਜ ਕਰਤਾਰ ਨੇ ਮੇਰੀ ਇਹ ਲਾਲਸਾ ਪੂਰੀ ਕਰ ਦਿਤੀ ਹੈ। ਅਜ ਮੇਰੀਆਂ ਖੁਸ਼ੀਆਂ ਦੀ ਕੋਈ ਹੱਦ ਨਹੀਂ ਰਹੀ, ਇਹ ਘੜੀ ਬੜੀ ਭਾਗਾਂ ਭਰੀ ਹੈ ਕਿ ਅਜ ਆਪ ਜੀ ਦੇ ਦਰਸ਼ਨ ਹੋ ਗਏ ਹਨ। ਇਹ ਠੀਕ ਹੈ ਕਿ ਮੈਂ ਆਪ ਜੀ ਦੇ ਦਰਸ਼ਨ ਪਹਿਲੇ ਨਹੀਂ ਸਨ ਕੀਤੇ, ਪਰ ਆਪ ਜੀ ਨੇ ਜੇਲ ਵਿਚ ਜੋ ਤਸੀਹੇ ਸਹੇ ਹਨ ਉਨ੍ਹਾਂ ਸੰਬੰਧੀ ਅਖਬਾਰਾਂ ਵਿਚ ਪੜ੍ਹਦਾ ਰਿਹਾ ਹਾਂ। ਆਪ ਵਰਗੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੇ ਮੇਰੇ ਵਰਗੇ ਨਾ-

ਚੀਜ਼ ਨੂੰ ਦੇਸ਼ ਸੇਵਾ ਲਈ ਉਭਾਰਿਆ ਹੈ। ਅਸੀਂ ਲੋਕ ਆਪ ਵਰਗੇ ਮਹਾਂ ਪੁਰਖਾਂ ਦੇ ਪਾਏ ਪੂਰਨਿਆਂ ਉਤੇ ਤੁਰਨ ਦਾ ਜਤਨ ਕਰਦੇ ਰਹੇ, ਪਰ ਨਾ ਚਲ ਸਕੇ। ਆਪ ਜੀ ਦੇ ਪਵਿਤਰ ਅਤੇ ਕੁਰਬਾਨੀ ਭਰੇ ਜੀਵਨ ਦਾ ਅਸਰ ਇਸ ਨਿਮਾਣੇ ਦੇ ਹਿਰਦੇ ਉਤੇ ਵੀ ਹੋ ਗਿਆ, ਜਿਸ ਕਰਕੇ ਅਸੀਂ ਵੀ ਦੇਸ਼ ਭਗਤੀ ਦੇ ਰਾਹ ਪੁਰ ਤੁਰਨ ਦਾ ਜਤਨ ਕਰਨ ਲਗ ਪਏ। ਮੇਰੇ ਹਿਰਦੇ ਅੰਦਰ ਆਪ ਜੀ ਦੇ ਦਰਸ਼ਨਾਂ ਦੀ ਬੜੀ ਲਾਲਸਾ ਸੀ ਅਤੇ ਮੇਰਾ ਵਿਸ਼ਵਾਸ ਹੈ ਮੇਰੇ ਦਿਲ ਦੀ ਖਿੱਚ ਨੇ ਹੀ ਆਪ ਜੀ ਨੂੰ ਸੋਲਾਂ ਸਾਲਾਂ ਮਗਰੋਂ ਮੁੜ ਏਸ ਜੇਲ ਵਿਚ ਖਿੱਚ ਕੇ ਲੈ ਆਂਦਾ ਹੈ। ਅਕਾਲ ਪੁਰਖ ਸਿਰਜਨਹਾਰ ਨੂੰ ਇਸੇ ਤਰ੍ਹਾਂ ਪਰਵਾਨ ਸੀ ਤੇ ਸਾਡੀ ਇਸੇ ਤਰ੍ਹਾਂ ਮੁਲਾਕਾਤ ਹੋਣੀ ਸੀ। ਜਦੋਂ ਇਸ ਦਾਸ ਨੇ ਆਪ ਜੀ ਨਾਲ ਮੁਲਾਕਾਤ ਕਰਨ ਦੀ ਲਾਲਸਾ ਦਾ ਪਹਿਲਾ ਸੰਦੇਸਾ ਭੇਜਿਆ ਸੀ ਅਤੇ ਆਪ ਜੀ ਦਾ ਹੁਕਮਨਾਮਾ ਮਿਲਿਆ ਸੀ ਕਿ ਜੇ ਦਾਸ ਦਾੜ੍ਹੀ ਰਖ ਕੇ ਸਾਬਤ ਸੂਰਤ ਸਿੰਘ ਸਜ ਜਾਵੇ ਤਾਂ ਚੰਗਾ ਹੋਵੇਗਾ, ਸੋ ਦਾਸ ਆਪ ਜੀ ਦਾ ਇਹ ਹੁਕਮ ਹਿਤੋਂ ਚਿਤੋਂ ਪਰਵਾਨ ਕਰਨ ਨੂੰ ਤਿਆਰ ਹੈ। ਮੈਂ ਸ਼ਰਮ ਅਨੁਭਵ ਕਰਦਾ ਹੋਇਆ ਇਹ ਕਹਿਣ ਲਈ ਤਿਆਰ ਹਾਂ ਕਿ ਮੈਂ ਜੋ ਕੇਸ ਦਾੜ੍ਹੀ ਦੀ ਬੇਅਦਬੀ ਕੀਤੀ ਹੈ ਕਿਸੇ ਸ਼ੌਂਕ ਕਰਕੇ ਨਹੀਂ ਕੀਤੀ ਸਗੋਂ ਰਾਜਸੀ ਹਾਲਾਤ ਦੀ ਮਜਬੂਰੀ ਵਿਚ ਫਸ ਕੇ ਕੀਤੀ ਹੈ। ਮੇਰੇ ਸਾਥੀਆਂ ਨੇ ਮਜਬੂਰ ਕਰ ਦਿਤਾ ਸੀ ਕਿ ਕੇਸ ਦਾੜ੍ਹੀ ਦੇ ਹੁੰਦਿਆਂ ਸ਼ਾਇਦ ਮੈਂ ਉਹ

ਕੁਝ ਨਾ ਕਰ ਸਕਾਂ ਜੋ ਇਕ ਸੰਨਿਆਸੀ ਸਵਾਂਗ ਬਣਾ ਕੇ ਕਰ ਸਕਾਂਗਾ, ਸੋ ਮੈਂ ਇਸ ਕੁਸੰਗ ਦੇ ਅਸਰ ਕਰ ਕੇ ਬੇ - ਅਦਬੀ ਕਰ ਬੈਠਾ ਹਾਂ, ਹੁਣ ਜਿਵੇਂ ਆਪ ਦਾ ਹੁਕਮ ਹੋਵੇ ਕਰਨ ਲਈ ਤਿਆਰ ਹਾਂ। ਮੇਰਾ ਜਨਮ ਗੁਰਸਿਖਾਂ ਦੇ ਘਰ ਦਾ ਹੈ ਅਤੇ ਮੇਰਾ ਹਿਰਦਾ ਅਜੇ ਵੀ ਸਿਖੀ ਪਿਆਰ ਨਾਲ ਭਰਪੂਰ ਹੈ। ਮੈਂ ਸ਼ਰਮਸ਼ਾਰ ਹਾਂ ਕਿ ਮੈਂ ਇਹ ਕੀ ਕਰ ਬੈਠਾ, ਆਸ ਹੈ ਕਿ ਇਕ ਨਾਦਾਨ ਸਮਝ ਕੇ ਆਪ ਖਿਮਾਂ ਕਰੋਗੇ।

ਭਗਤ ਸਿੰਘ ਜੀ ਦੇ ਇਨ੍ਹਾਂ ਸਾਫ ਸਾਫ ਸ਼ਬਦਾਂ ਤੋਂ ਭਾਈ ਸਾਹਿਬ ਬੜੇ ਪਰਸੰਨ ਹੋਏ ਕਿ ਇਕ ਕੁਸੰਗਤ ਵਿਚ ਫਸ ਚੁਕੇ ਨੌਜਵਾਨ ਦੇ ਹਿਰਦੇ ਅੰਦਰ ਗੁਰਸਿਖਾਂ ਵਾਲੀ ਸਚਾਈ ਦਾ ਜਜ਼ਬਾ ਅਜੇ ਵੀ ਉਛਲ ਰਿਹਾ ਹੈ। ਭਾਈ ਸਾਹਿਬ ਜੀ ਨੇ ਉਸ ਸਮੇਂ ਉਸ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ। ਮੇਰੇ ਵੀਰ ਭਗਤ ਸਿੰਘ ਜੀ! ਇਹ ਮੈਂ ਸਮਝਦਾ ਹਾਂ ਕਿ ਕੁਸੰਗ ਦਾ ਜਲਦੀ ਅਸਰ ਹੋ ਜਾਂਦਾ ਹੈ। ਜੋ ਕੁਝ ਹੋਇਆ ਹੈ,ਇਹ ਤੁਹਾਡੀ ਮਰਜ਼ੀ ਨਾਲ ਨਹੀਂ ਹੋਇਆ। ਇਸ ਵੇਲੇ ਭਾਰਤ ਵਰਸ਼ ਇਕ ਇਕਨਕਾਬੀ ਦੌਰ ਵਿਚੋਂ ਲੰਘ ਰਿਹਾ ਹੈ। ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਦੇਸ਼ ਅੰਦਰ ਇਨਕਲਾਬ ਲਿਆਉਣ ਲਈ ਸਿੰਘਾਂ ਨੇ ਜਿੰਨਾ ਹਿੱਸਾ ਪਾਇਆ ਹੈ ਤੇ ਦੇਸ਼ ਦੀ ਆਜ਼ਾਦੀ ਲਈ ਜਿੰਨੀਆਂ ਕੁਰਬਾਨੀਆਂ ਕੀਤੀਆਂ ਹਨ,ਭਾਰਤ ਵਿਚ ਸ਼ਾਇਦ ਕਿਸੇ ਹੋਰ ਨੇ ਨਹੀਂ ਕੀਤੀਆਂ। ਸੰਨ ੧੯੧੪ - ੧੫ ਦੇ ਇਨਕਲਾਬੀ ਦੌਰ ਸਮੇਂ ਅਤੇ ਗਦਰ ਪਾਰਟੀ ਵਿਚ ਵਧ ਤੋਂ ਵਧ ਹਿਸਾ ਲੈਣ ਵਾਲੇ ਜਿੰਨੇ ਸਿੰਘ ਸਨ ਓਨੇ ਸ਼ਾਇਦ ਬਾਕੀ ਦੇਸ਼ ਵਿਚੋਂ ਦੂਸਰੀਆਂ ਕੌਮਾਂ ਦੇ ਨੌਜਵਾਨ ਨਹੀਂ ਨਿਤਰੇ। ਸਾਹਿਬ ਸ੍ਰੀ ਦਸਮੇਸ਼ ਪਿਤਾ ਜੀ ਨੇ ਖਾਲਸੇ ਦਾ ਜਨਮ ਹੀ ਤਲਵਾਰ ਦੀ ਧਾਰ ਵਿਚੋਂ ਕੀਤਾ ਸੀ ਅਤੇ ਆਪਣੇ ਚਾਰੇ ਸਾਹਿਬਜ਼ਾਦੇ ਦੇਸ਼ ਲਈ

ਕੁਰਬਾਨ ਕਰਵਾ ਕੇ ਆਪਣੇ ਸਿੰਘਾਂ ਵਿਚ ਇਕ ਅਜਿਹੀ ਰੂਹ ਫੂਕ ਦਿਤੀ ਹੋਈ ਹੈ ਕਿ ਸਿੰਘ ਤਨ ਮਨ ਅਥਵਾ ਧਨ ਕੁਰਬਾਨ ਕਰਨ ਤੋਂ ਸੰਕੋਚ ਨਹੀਂ ਕਰਦੇ। ਸਿੰਘ ਦੇਸ ਅਤੇ ਕੌਮ ਦੀ ਰਖਿਆ ਲਈ ਵਡੀਆਂ ੨ ਕੁਰਬਾਨੀਆਂ ਕਰਦੇਰਹੇ । ਸਾਡਾ ਖਿਆਲ ਹੈ ਕਿ ਰਗ ਰਗ ਅੰਦਰ ਇਹ ਸਿਖੀ ਦੀ ਸਪਿਰਟ ਹੀ ਹੈ ਜਿਸ ਨੇ ਆਪ ਨੂੰ ਦੇਸ ਤੋਂ ਇਸ ਤਰ੍ਹਾਂ ਨਿਛਾਵਰ ਹੋਣ ਪ੍ਰੇਰਨ ਲਈ ਦਿਤਾ, ਪਰ ਕੁਸੰਗ ਨੇ ਆਪ ਨੂੰ ਗੁਰਸਿਖੀ ਦੇ ਰਾਹ ਤੋਂ ਪਰੇਰੇ ਲੈ ਜਾਣ ਲਈ ਮਜਬੂਰ ਕਰ ਦਿਤਾ। ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੰਨ ੧੯੧੪-੧੫ ਦੇ ਸਾਜ਼ਸ਼ ਕੇਸ ਦੇ ਮੁਖੀ ਸ: ਨਿਧਾਨ ਸਿੰਘ ਜੀ ਨੇ ਕਿਸ ਤਰ੍ਹਾਂ ਨਿਧੜਕ ਰਹਿ ਕੇ ਦੇਸ ਤੇ ਕੌਮ ਦੀ ਸੇਵਾ ਕੀਤੀ ਅਤੇ ਕਿਸ ਤਰ੍ਹਾਂ ਪੁਲਸ ਵਾਲਿਆਂ ਦੇ ਕੋਲੋਂ ਬਚ ਕੇ ਨਿਕਲ ਜਾਂਦੇ ਰਹੇ। ਉਹਨਾਂ ਨੇ ਕਦੀ ਇਹ ਖਿਆਲ ਨਾ ਕੀਤਾ ਕਿ ਉਹ ਪੁਲੀਸ ਵਾਲਿਆਂ ਨੂੰ ਧੋਖਾ ਦੇਣ ਲਈ ਦਾੜ੍ਹਾ ਹੀ ਕਾਲਾ ਕਰ ਲੈਣ। ਉਹ ਪੂਰਨ ਗੁਰਸਿਖੀ ਦੇ ਰੂਪ ਵਿਚ ਹੀ ਜਹਾਜ਼ਾਂ ਤੇ ਪਿੰਡਾਂ ਵਿਚ ਫਿਰਦੇ ਰਹੇ ਅਤੇ ਦੇਸ ਤੇ ਕੌਮ ਲਈ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਲਈ ਹਰ ਸਮੇਂ ਤਿਆਰ ਰਹੇ ਪਰ ਤੁਸੀਂ ਹੋ ਕਿ... ...

ਅਜੇ ਇਹ ਸ਼ਬਦ ਭਾਈ ਸਾਹਿਬ ਜੀ ਦੇ ਮੂੰਹ ਵਿਚ ਹੀ ਸਨ ਕਿ ਭਗਤ ਸਿੰਘ ਜੀ ਬੋਲ ਪਏ ਕਿ ਇਸ ਦਾਸ ਨੇ ਕੇਸ ਇਸ ਲਈ ਕਤਲ ਨਹੀਂ ਸਨ ਕਰਵਾਏ ਕਿ ਪੁਲਸ ਨੂੰ ਧੋਖਾ ਦਿਤਾ ਜਾ ਸਕੇ। ਆਪ ਸੱਚ ਜਾਨਣਾ ਕਿ ਸਾਂਡਰਸ ਦਾ ਕਾਤਲ ਆਪ ਜੀ ਦਾ ਇਹ ਦਾਸ ਨਹੀਂ। ਸਾਂਡਰਸ ਦੇ ਕਤਲ ਦਾ ਝੂਠਾ ਇਲਜ਼ਾਮ ਇਸ ਦਾਸ ਦੇ ਮੱਥੇ ਮੜ੍ਹਿਆ ਗਿਆ ਹੈ ਅਤੇ ਦਾਸ ਨੇ ਖਿੜੇ ਮੱਥੇ ਪ੍ਰਵਾਨ ਕਰ ਲਿਆ ਹੈ ਇਹ ਠੀਕ ਹੈ ਕਿ ਸਰਕਾਰ ਅੰਗਰੇਜ਼ੀ ਨੇ ਮੈਨੂੰ ਫਾਂਸੀ ਲਾਉਣ ਲਈ ਕੋਈ ਬਹਾਨਾ ਲਭਣਾ ਸੀ, ਸੋ ਲਭ ਲਿਆ। ਇਹ ਵੀ

ਠੀਕ ਹੈ ਕਿ ਇਹ ਕਰੈਡਿਟ ਮੈਨੂੰ ਮਿਲਣਾ ਸੀ ਸੋ ਮਿਲ ਗਿਆ।

ਭਾਈ ਸਾਹਿਬ ਜੀ ਨੇ ਕਿਹਾ, 'ਵੀਰ ਜੀ ! ਸਚੇ ਦੇਸ਼ ਭਗਤ ਫੋਕਾ ਕਰੈਡਿਟ ਨਹੀਂ ਚਾਹੁੰਦੇ, ਉਨ੍ਹਾਂ ਦਾ ਆਦਰਸ਼ ਦੇਸ਼ ਭਗਤੀ ਤੇ ਦੇਸ਼ ਦੀ ਆਜ਼ਾਦੀ ਲਈ ਪ੍ਰਯਤਨ ਕਰਨਾ ਹੀ ਹੋਣਾ ਚਾਹੀਦਾ ਹੈ। ਦੁਨੀਆਂ ਦੀ ਚਾਰ ਦਿਨ ਦੀ ਵਾਹ ਵਾਹ ਮਗਰ ਲਗ ਕੇ ਦੇਸ਼ ਭਗਤ ਆਪਣਾ ਆਦਰਸ਼ ਨਹੀਂ ਭੁੱਲ ਜਾਂਦੇ, ਉਹ ਆਪਣੇ ਆਦ੍ਰਸ਼ ਪੁਰ ਲੋਹੇ ਦੀ ਲਠ ਵਾਂਗ ਸਦਾ ਦ੍ਰਿੜ੍ਹ ਰਹਿੰਦੇ ਹਨ, ਤੁਸੀਂ ਐਵੇਂ ਫੋਕੀ ਵਾਹ ਵਾਹ ਦੇ ਮਗਰ ਲਗ ਕੇ ਅਤੇ ਅਖਬਾਰਾਂ ਦੇ ਪ੍ਰਾਪੇਗੰਡੇ ਕਰ ਕੇ ਆਪਣੇ ਕੇਸ ਕਤਲ ਕਰਵਾ ਬੈਠੇ, ਜੇਕਰ ਆਪ ਕੋਲੋਂ ਇਹ ਗਲਤੀ ਹੋ ਗਈ ਸੀ, ਆਪ ਉਸ ਗਲਤੀ ਉਤੇ ਪਾਣੀ ਫੇਰ ਕੇ ਮੁੜ ਸਿੰਘ ਸਜ ਸਕਦੇ ਸੀ, ਆਪਨੇ ਮੁੜ ਕੇ ਕੇਸ ਦਾੜ੍ਹੀ ਕਿਉਂ ਨਾ ਰਖੇ?

'ਭਾਈ ਸਾਹਿਬ ਜੀ' ਭਗਤ ਸਿੰਘ ਨੇ ਉਤ੍ਰ ਦਿਤਾ—'ਮੈਂ ਇਹ ਮੰਨਦਾ ਹਾਂ ਕਿ ਮੇਰੀ ਇਹ ਕੁਰਬਾਨੀ ੧੯੧੪-੧੫ ਦੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੇ ਮੁਕਾਬਲੇ ਵਿਚ ਨਾਮ ਮਾਤਰ ਵੀ ਨਹੀਂ। ਜੇਕਰ ਮੈਂ ਸਿੰਘ ਸਜ ਜਾਂਦਾ ਤਾਂ ਮੇਰਾ ਸਾਥੀ ਬੈਂਕਟੇਸ਼ਵਰ ਦੱਤ ਸ਼ਾਇਦ ਮੇਰੇ ਨਾਲ ਘਿਰਣਾ ਕਰਨ ਲਗ ਜਾਂਦਾ। ਆਪ ਜੀ ਨੂੰ ਪਤਾ ਹੀ ਹੈ ਕਿ ਦੇਸ਼ ਵਿਚ ਗੈਰ ਸਿਖ ਅਖਬਾਰਾਂ ਜਿੰਨਾਂ ਪ੍ਰਾਪੇਗੰਡਾ ਕਰਦੀਆਂ ਹਨ, ਓਨਾ ਸਿਖ ਅਖਬਾਰਾਂ ਨਹੀਂ ਕਰਦੀਆਂ ਅਤੇ ਨਾ ਹੀ ਸਿਖ ਅਖਬਾਰਾਂ ਦੀ ਓਨੀ ਅਵਾਜ਼ ਹੈ। ਇਹ ਅਨਮਤੀ ਅਖਬਾਰਾਂ ਤਾਂ ਸਿਖ ਦੇਸ਼ ਭਗਤਾਂ ਬਾਬਤ ਕੁਝ ਵੀ ਲਿਖਣ ਲਈ ਤਿਆਰ ਨਹੀਂ। ਜੇਕਰ ਮੈਂ ਸਿੰਘ ਸਜ ਜਾਂਦਾ ਤਾਂ ਇਨ੍ਹਾਂ ਗੈਰ ਸਿਖ ਅਖਬਾਰਾਂ ਨੇ ਮੇਰੀ ਬਾਬਤ ਇਕ ਸ਼ਬਦ ਵੀ ਨਹੀਂ ਸੀ ਲਿਖਣਾ। ਇਸ ਪ੍ਰਾਪੇਗੰਡੇ ਦੇ ਲਾਲਚ ਨੇ ਹੀ ਮੈਨੂੰ ਮੁੜਕੇ ਕੇਸ ਨਾ ਰਖਣ ਲਈ ਮਜਬੂਰ ਕਰ ਦਿਤਾ।'

ਭਾਈ ਸਾਹਿਬ ਜੀ ਨੇ ਕਿਹਾ, 'ਭਗਤ ਸਿੰਘ ਜੀ ! ਸਾਨੂੰ ਦੁਖ ਤਾਂ ਏਸ ਗਲ ਦਾ ਹੈ ਕਿ ਆਪਦਾ ਵਿਸ਼ਵਾਸ ਸਿਰਜਣਹਾਰ ਅਕਾਲ ਪੁਰਖ ਜੀ ਤੋਂ ਉੱਡ ਗਿਆ ਹੈ। ਇਹ ਯਾਦ ਰਖੋ ਕਿ ਇਸ ਭੈੜੀ ਸੰਗਤ ਨੇ ਹੀ ਆਪ ਨੂੰ ਨਾਸਤਕ ਬਣਾ ਦਿਤਾ ਹੈ। ਜੇਕਰ ਆਪ ਦੇ ਦਿਲ ਅੰਦਰ ਅਕਾਲ ਪੁਰਖ ਦਾ ਰਤਾ ਵੀ ਵਿਸ਼ਵਾਸ਼ ਹੁੰਦਾ ਤਾਂ ਆਪ ਇਸ ਤਰ੍ਹਾਂ ਨਾ ਫਿਸਲਦੇ। ਇਹ ਯਾਦ ਰਖੋ ਸਿਰਜਣੇਹਾਰ ਦਾਤਾਰ ਨੂੰ ਹਰ ਸਮੇਂ ਹਰ ਇਕ ਦੇ ਅੰਗ ਸੰਗ ਹੈ। ਜੀਵ ਨੇ ਭਾਵੇਂ ਉਸਨੂੰ ਭੁਲਾ ਦਿਤਾ ਹੈ, ਪਰ ਕਰਤਾਰ ਕਿਸੇ ਨੂੰ ਵੀ ਆਪਣੇ ਦਿਲੋਂ ਨਹੀਂ ਭੁਲਾਉਂਦਾ। ਗੁਰਸਿਖ ਕਦੇ ਵੀ ਫੋਕੀ ਸ਼ੁਹਰਤ ਵਲ ਧਿਆਨ ਨਹੀਂ ਦੇਂਦਾ ਅਤੇ ਆਪਣੇ ਸਾਜਨਹਾਰ ਦਾ ਆਸਰਾ ਲੈ ਕੇ ਆਪਣੇ ਆਦਰਸ਼ ਲਈ ਆਪਣੇ ਨਿਸ਼ਾਨੇ ਵਲ ਤੁਰਿਆ ਚਲਾ ਜਾਂਦਾ ਹੈ ਤੇ ਹੱਸ ਹੱਸ ਕੇ ਕੁਰਬਾਨੀ ਦੇਂਦਾ ਹੈ। ਤੁਸੀਂ ਇਸ ਝੂਠੀ ਮਸ਼ਹੂਰੀ ਤੇ ਅਖਬਾਰੀ ਪ੍ਰਾਪੇਗੰਡੇ ਕਰ ਕੇ ਆਪਣਾ ਰਾਹ ਛੱਡ ਦਿਤਾ। ਆਪ ਦਾ ਖਾਨਦਾਨ ਕੇਸਾਧਾਰੀ ਰਿਹਾ ਹੈ ਅਤੇ ਉਨ੍ਹਾਂ ਨੂੰ ਸਿੰਘ ਹੋਣ ਦਾ ਮਾਣ ਹੈ। ਸੋ ਤੁਸੀਂ ਆਪਣੇ ਆਦਰਸ਼ ਤੇ ਡੱਟ ਜਾਓ। ਇਕ ਅਕਾਲ ਪੁਰਖ ਦੀ ਸ਼ਰਨ ਲਓ, ਉਸੇ ਦਾ ਆਸਰਾ ਪਕੜੋ, ਉਹ ਸਦਾ ਆਪ ਦੇ ਅੰਗ ਸੰਗ ਹੈ ਅਤੇ ਉਹ ਆਪ ਨੂੰ ਆਦਰਸ਼ ਪੂਰਾ ਕਰਨ ਲਈ ਮੁੜਕੇ ਇਸ ਸੰਸਾਰ ਵਿਚ ਆਉਣ ਲਈ ਮਜਬੂਰ ਕਰੇਗਾ। ਬਾਬਾ ਫਰੀਦ ਜੀ ਦਾ ਇਹ ਕਥਨ ਯਾਦ ਰਖੋ ਕਿ ਅਕਾਲ ਪੁਰਖ ਦਾ ਫੁਰਮਾਨ ਹੈ, 'ਫਰੀਦਾ ਜੇ ਤੂੰ ਮੇਰਾ ਹੋ ਰਹੇ ਸਭ ਜਗ ਤੇਰਾ ਹੋਏ ॥'

ਭਾਈ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਭਗਤ ਸਿੰਘ ਜੀ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲਗੇ, 'ਭਾਈ ਸਾਹਿਬ ਜੀ ਖਿਮਾਂ ਕਰੋ, ਜੇਕਰ ਆਪ ਜੀ ਦੀ ਸੰਗਤ ਰਹਿੰਦੀ ਤਾਂ ਇਹ ਭੁਲ ਕਦੀ ਨਾ ਹੁੰਦੀ। ਮੈਂ ਸਚਮੁਚ ਹੀ ਆਪਣੇ ਸਿਰਜਣਾਰ ਨੂੰ ਭੁਲ

ਚੁਕਾ ਸਾਂ ਅਤੇ ਕੁਸੰਗਤ ਕਰ ਕੇ ਭਟਕ ਗਿਆਂ ਸਾਂ। ਮੈਂ ਆਪ ਦਾ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਮੁੜ ਕੇ ਸਿਧੇ ਰਸਤੇ ਪਾ ਦਿਤਾ ਹੈ। ਮੈਂ ਹੁਣ ਤੋਂ ਅਕਾਲ ਪੁਰਖ ਦੀ ਸ਼ਰਨ ਲੈਂਦਾ ਹਾਂ ਅਤੇ ਆਪਣੇ ਕੀਤੇ ਗੁਨਾਹਾਂ ਤੇ ਪਸਚਾਤਾਪ ਕਰਦਾ ਹਾਂ। ਆਪ ਨੇ ਇਹ ਕਿਰਪਾ ਕੀਤੀ ਹੈ ਕਿ ਮੈਨੂੰ ਕੁਰਾਹੇ ਜਾਂਦੇ ਨੂੰ ਅੰਤ ਸਮੇਂ ਸਿਧਾ ਰਸਤਾ ਦਿਖਾ ਦਿਤਾਂ ਹੈ। ਮੈਨੂੰ ਵਿਸ਼ਵਾਸ ਹੈ ਕਿ ਮੇਰੀ ਆਤਮਾ ਹੁਣ ਪੂਰਨ ਅਨੰਦ ਪ੍ਰਾਪਤ ਕਰ ਰਹੀ ਹੈ ਅਤੇ ਹੁਣ ਇਸੇ ਅਨੰਦ ਵਿਚ ਹੀ ਪੂਰਨ ਗੁਰਸਿਖ ਦੇ ਰੂਪ ਵਿਚ ਮੈਂ ਆਪਣੀ ਕੁਰਬਾਨੀ ਦੇ ਸਕਾਂਗਾ। ਅਜ ਤੋਂ ਮੈਂ ਕੇਸ ਦਾੜ੍ਹੀ ਦੀ ਬੇਅਦਬੀ ਨਹੀਂ ਕਰਾਂਗਾ।

ਇਸ ਤਰ੍ਹਾਂ ਦੋਵੇਂ ਦੇਸ਼ ਭਗਤ ਬੜੇ ਪ੍ਰੇਮ ਨਾਲ ਇਕ ਦੂਜੇ ਤੋਂ ਵਿਛੜੇ। ਭਗਤ ਸਿੰਘ ਜੀ ਨੂੰ ਜਦੋਂ ਫਾਂਸੀ ਦਿਤੀ ਗਈ ਆਪ ਦੇ ਕੇਸ ਦਾੜ੍ਹੀ ਸਨ। ਬੰਬਈ ਦੇ ਬਲਿਟਜ਼ ਅਖਬਾਰ ਨੇ ੨੬ ਮਾਰਚ ਸੰਨ ੧੯੪੯ ਵਿਚ ਆਪ ਦੀ ਫੋਟੋ ਪ੍ਰਕਾਸ਼ਤ ਕੀਤੀ ਸੀ ਕਿ ਫਾਂਸੀ ਲਗਣ ਸਮੇਂ ਭਗਤ ਸਿੰਘ ਜੀ ਦੇ ਕੇਸ ਅਰ ਦਾਹੜੀ ਸੀ।

# ੧੧.

# ਭਾਈ ਸਾਹਿਬ ਜੀ ਦਾ ਅਕਾਲ ਪੁਰਖ ਪੁਰ ਦ੍ਰਿੜ੍ਹ ਵਿਸ਼ਵਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਸ਼ੁਰੂ ਤੋਂ ਪੂਰਨ ਗੁਰ-ਸਿਖ, ਨਾਮ ਬਾਣੀ ਦੇ ਰਸੀਏ ਤੇ ਖਾਲਸੇ ਦਾ ਸੱਚਾ ਰੂਪ ਸਨ ਜਿਵੇਂ ਕਿ ਸ੍ਰੀ ਦਸਮੇਸ਼ ਪਿਤਾ ਸਾਹਿਬ ਸ੍ਰੀ ਕਲਗੀਧਰ ਜੀ ਨੇ ਫ਼ੁਰਮਾਇਆ ਹੈ, ਕਿ :-

ਪੂਰਨ ਜੋਤਿ ਜਗੇ ਘਟ ਮੈਂ
ਤਬ ਖਾਲਸਾ ਤਾਹਿ ਨਖਾਲਸ ਜਾਣੈ ॥

ਸਚਮੁਚ ਹੀ ਅਕਾਲ ਪੁਰਖ ਦੀ ਪੂਰਨ ਜੋਤ ਹਰ ਸਮੇਂ ਆਪ ਜੀ ਦੇ ਹਿਰਦੇ ਅੰਦਰ ਪ੍ਰਕਾਸ਼ਮਾਨ ਸੀ ਤੇ ਆਪ ਉਸ ਪੂਰਨ ਜੋਤ ਸਰੂਪ ਨਾਲ ਇਕ ਮਿਕ ਹੋ ਕੇ ਆਤਮ ਰਸ ਮਾਣਦੇ ਰਹਿੰਦੇ ਸਨ। ਆਪ ਇਹ ਸੁਣਨ ਲਈ ਕਦੀ ਭੀ ਤਿਆਰ ਨਹੀਂ ਸਨ ਕਿ ਅਕਾਲ ਪੁਰਖ ਸਿਰਜਨਹਾਰ ਕੁਛ ਭੀ ਨਹੀਂ ਤੇ ਉਹ ਕੁਛ ਵੀ ਨਹੀਂ ਕਰ ਸਕਦਾ। ਆਪ ਸਰਬ ਸ਼ਕਤੀਵਾਨ ਵਾਹਿਗੁਰੂ ਉਤੇ ਪੂਰਨ ਵਿਸ਼ਵਾਸ ਰਖਦੇ ਸਨ ਅਤੇ ਸਾਰਿਆਂ ਵਿਚ ਪ੍ਰਚਾਰ ਕਰਦੇ ਸਨ ਕਿ ਜੇਕਰ

ਜੀਵਨ ਦਾ ਅਨੰਦ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਵਾਹਿਗੁਰੂ ਦਾ ਆਸਰਾ ਲਓ। ਤੁਸੀਂ ਗੁਰਬਾਣੀ ਉਤੇ ਪੂਰਨ ਵਿਸ਼ਵਾਸ ਰਖੋ,ਬਾਣੀ ਦਾ ਪਾਠ ਕਰੋ, ਸਿਮਰਣ ਕਰੋ ਅਤੇ ਆਪਣੇ ਕਾਰਜ ਰਾਸ ਕਰਨ ਲਈ ਹਰ ਸਮੇਂ ਕਰਤਾਰ ਅਗੇ ਅਰਦਾਸ ਕਰੋ ਤਾਂ ਆਪ ਜੀ ਦੀਆਂ ਸਾਰੀਆਂ ਆਸਾਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ। ਆਪ ਕਿਹਾ ਕਰਦੇ ਸਨ ਕਿ ਸਤਿਗੁਰੂ ਜੀ ਦਾ ਇਹ ਫੁਰਮਾਨ ਯਾਦ ਰਖੋ :-

ਕੀਤਾ ਲੋੜੀਐ ਕੰਮੁ ਸੁ ਹਰਿ ਪੈ ਆਖੀਐ ॥
ਕਾਰਜ ਦੇਹਿ ਸਵਾਰੁ ਸਤਿਗੁਰੁ ਸਚੁ ਸਾਖੀਐ ॥
ਸੰਤਾ ਸੰਗਿ ਨਿਧਾਨ ਅੰਮ੍ਰਿਤੁ ਚਾਖੀਐ ॥
ਭੈ ਭੰਜਨੁ ਮਿਹਰਵਾਨੁ ਦਾਸ ਕੀ ਰਾਖੀਐ ॥

ਐ ਸੰਸਾਰ ਦੇ ਲੋਕੋ, ਤੁਸੀਂ ਜੋ ਵੀ ਕੰਮ ਕਰਨਾ ਚਾਹੁੰਦੇ ਹੋ ਕਿ ਇਹ ਕੰਮ ਪੂਰਾ ਹੋ ਜਾਵੇ ਜਾਂ ਇਹ ਆਸ ਪੂਰੀ ਹੋ ਜਾਵੇ ਤਾਂ ਆਪ ਹਰਿ ਅਕਾਲ ਪੁਰਖ ਸਿਰਜਨਹਾਰ ਦਾਤਾਰ ਅਗੇ ਬੇਨਤੀ ਕਰੋ, ਅਰਦਾਸ ਕਰੋ। ਉਹ ਸਿਰਜਣਹਾਰ ਹਾਜ਼ਰ ਨਾਜ਼ਰ ਹੈ ਸੱਚਾ ਸਾਥੀ ਹੈ ਉਹ ਆਪਣੇ ਸੇਵਕਾਂ ਦੇ ਸਾਰੇ ਕਾਰਜ ਸਵਾਰ ਦੇਂਦਾ ਹੈ। ਸੰਤਾਂ ਗੁਰਮੁਖਾਂ ਦੀ ਸੰਗਤ ਤੋਂ ਹੀ ਨਾਮ ਦਾ ਖਜ਼ਾਨਾ ਪ੍ਰਾਪਤ ਹੋ ਸਕਦਾ ਹੈ ਤੇ ਗੁਰਸਿਖ ਨਾਮ ਰੂਪੀ ਅੰਮ੍ਰਿਤ ਦਾ ਰਸ ਮਾਣ ਸਕਦਾ ਹੈ। ਉਹ ਦਾਤਾਰ ਸਿਰਜਨਹਾਰ ਹਰ ਪ੍ਰਕਾਰ ਦੇ ਡਰ ਦੂਰ ਕਰਨ ਵਾਲਾ ਹੈ, ਕਿਰਪਾ ਨਿਧਾਨ ਅਤੇ ਮਿਹਰਵਾਨ ਹੈ ਜੋ ਆਪਣੇ ਦਾਸ ਦੀ ਪੈਜ ਰਖਦਾ ਹੈ, ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਕਰਦਾ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਗੁਣ ਗਾਉਣ ਨਾਲ, ਉਸ ਦਾ ਜਸ ਤੇ ਸਿਫਤ ਸਾਲਾਹ ਕਰਨ ਨਾਲ ਹੀ ਉਹ ਨਾ ਜਾਣਿਆ ਜਾ ਰਿਹਾ ਪ੍ਰਭੂ ਜਾਣਿਆ ਜਾ ਸਕਦਾ ਹੈ। ਆਪ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਅਕਾਲ ਪੁਰਖ ਆਪਣੇ ਪ੍ਰੇਮੀਆਂ ਗੁਰਸਿਖਾਂ ਦੇ

ਅੰਗ ਸੰਗ ਹੈ ਤੇ ਹਰ ਸਮੇਂ ਉਨ੍ਹਾਂ ਦੀਆਂ ਅਰਦਾਸਾਂ ਸੁਣ ਕੇ ਮੁਰਾਦਾਂ ਪੂਰੀਆਂ ਕਰਦਾ ਹੈ।

ਇਕ ਵਾਰੀ ਉਨ੍ਹਾਂ ਨੇ ਇਕ ਰਸਾਲੇ ਵਿਚ ਪੜ੍ਹਿਆ ਕਿ 'ਜਿਨ੍ਹਾਂ ਨੇ ਨਾਮ ਸਿਮਰਨ ਦਾ ਅਰਥ ਇਹ ਸਮਝਿਆ ਹੈ ਕਿ ਇਹ ਨਾਮ ਕਿਸੇ ਹਸਤੀ ਦਾ ਹੈ,ਉਹ ਹਸਤੀ ਉਨ੍ਹਾਂ ਦੇ ਸਿਮਰਨ ਨੂੰ ਸੁਣਦੀ ਹੈ, ਪਰਸੰਨ ਹੁੰਦੀ ਹੈ ਤੇ ਮਿਹਰ ਵਿਚ ਆ ਕੇ ਸਿਮਰਨ ਵਾਲਿਆਂ ਦੀਆਂ ਭਉਣੀਆਂ ਪੂਰੀਆਂ ਕਰਦੀ ਹੈ, ਉਹਨਾਂ ਨੇ ਆਪਣੇ ਗਰੰਥਾਂ ਦੀ ਸਿਖਿਆ ਨੂੰ ਚੰਗੀ ਤਰ੍ਹਾਂ ਘੋਖਿਆ ਨਹੀਂ।'

ਭਾਈ ਸਾਹਿਬ ਜੀ ਨੂੰ ਇਹਨਾਂ ਉਪਰਲੇ ਸ਼ਬਦਾਂ ਵਿਚੋਂ ਨਾਸਤਕਤਾ ਦੀ ਬੋ ਆਈ। ਆਪ ਨਾਮ ਬਾਣੀ ਦੇ ਰਸੀਏ ਹੋਣ ਕਰ ਕੇ ਹਰ ਸਮੇਂ ਸਤਿਨਾਮ ਸ੍ਰੀ ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਸਨ, ਜਿਸ ਕਰਕੇ ਆਪ ਨੇ ਗੁਰਸਿਖਾਂ ਨੂੰ ਚੇਤਾ-ਵਨੀ ਦਿਵਾਈ ਕਿ ਗੁਰਸਿਖਾਂ ਨੂੰ ਅਜਿਹੀਆਂ ਨਾਸਤਕ ਪੁਣੇ ਦੀਆਂ ਵਿਚਾਰਾਂ ਵਲ ਧਿਆਨ ਨਹੀਂ ਦੇਣਾ ਚਾਹੀਦਾ। ਇਹੋ ਜਹੇ ਖਿਆਲ ਗੁਰਸਿਖਾਂ ਨੂੰ ਕੁਰਸਤੇ ਪਾਉਣ ਵਾਲੇ ਹੋ ਸਕਦੇ ਹਨ। ਅਕਾਲ ਪੁਰਖ ਹਰ ਸਮੇਂ ਆਪਣੇ ਸਿਖਾਂ, ਪ੍ਰੇਮੀਆਂ ਤੇ ਸਿਮਰਨ ਕਰਨ ਵਾਲਿਆਂ ਦੇ ਅੰਗ ਸੰਗ ਹੈ। ਗੁਰਬਾਣੀ ਦਾ ਪਾਠ ਕਰਨ ਵਾਲੇ ਪ੍ਰੇਮੀ ਇਹ ਗੱਲ ਭਲੀ ਭਾਂਤ ਜਾਣਦੇ ਹਨ ਕਿ ਅਕਾਲ ਪੁਰਖ ਆਪਣੇ ਭਗਤਾਂ ਦੀਆਂ ਸਭ ਮੁਰਾਦਾਂ ਪੂਰੀਆਂ ਕਰਦਾ ਹੈ, ਉਹਨਾਂ ਦੀ ਅਰਦਾਸ, ਉਹਨਾਂ ਦੀਆਂ ਬੇਨਤੀਆਂ

ਸੁਣਦਾ ਤੇ ਉਹਨਾਂ ਉਤੇ ਪ੍ਰਸੰਨ ਹੁੰਦਾ ਹੈ, ਮਿਹਰਵਾਨ ਦਾਤਾਰ ਮਿਹਰਾਂ ਕਰਦਾ ਤੇ ਗੁਰਸਿਖਾਂ ਨੂੰ ਨਿਹਾਲ ਕਰਦਾ ਹੈ। ਸਤਿ-ਗੁਰੂ ਜੀ ਫੁਰਮਾਉਂਦੇ ਹਨ—

ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੇ ਈਹਾ ਊਹਾ ਸਚੁ ਹੋਵੈ ॥

ਅਰਥਾਤ ਇਕ ਗੁਰਸਿਖ ਸੱਚੇ ਹਿਰਦੇ ਨਾਲ ਅਕਾਲ ਪੁਰਖ ਉਤੇ ਵਿਸ਼ਵਾਸ ਰਖ ਕੇ ਆਪਣੇ ਪ੍ਰੀਤਮ ਕੋਲੋਂ ਜੋ ਵੀ ਮੰਗਦਾ ਹੈ, ਉਹ ਦਾਤਾਰ ਪਰਸੰਨ ਹੋ ਕੇ ਆਪਣੇ ਸੇਵਕ ਨੂੰ ਉਹੋ ਕੁਝ ਦੇਂਦਾ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ ਅਕਾਲ ਪੁਰਖ ਦਾ ਦਾਸ ਜੋ ਵੀ ਮੂੰਹੋਂ ਕਹਿੰਦਾ ਹੈ ਉਹ ਇਥੇ ਅਰਥਾਤ ਇਸ ਦੁਨੀਆਂ ਵਿਚ ਅਤੇ ਓਥੇ ਅਰਥਾਤ ਆਪਣੀ ਦਰਗਾਹ ਵਿਚ ਸਭ ਸਚੁ ਹੁੰਦਾ ਹੈ। ਗੁਰਸਿਖ ਉਸ ਦਾਤਾਰ ਮਿਹਰਵਾਨ ਤੇ ਸਦਾ ਵਿਸ਼ਵਾਸ ਰਖਦਾ ਹੈ ਤੇ ਕਹਿੰਦਾ ਹੈ–

ਸੁਣੀ ਅਰਦਾਸਿ ਸੁਆਮੀ ਮੇਰੈ,
ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ,
ਗੁਰ ਨਾਨਕ ਕੀ ਵਡਿਆਈ ॥

ਮੇਰੇ ਮਾਲਕ ਸਿਰਜਨਹਾਰ ਨੇ ਮੇਰੀ ਬੇਨਤੀ ਮੇਰੀ ਅਰਦਾਸ ਸੁਣ ਲਈ ਹੈ ਜਿਸ ਕਰ ਕੇ ਉਸ ਦੀ ਸ਼ਕਤੀ ਦਵਾਰਾ ਸਾਰੇ ਕਾਰਜ ਸਿਧ ਹੋ ਗਏ ਹਨ, ਜਿਸ ਕਰ ਕੇ ਗੁਰੂ ਨਾਨਕ ਦੀ ਵਡਿਆਈ ਸਾਰੇ ਸੰਸਾਰ ਅੰਦਰ ਪਰਗਟ ਹੋ ਰਹੀ ਹੈ ਕਿ

ਉਹ ਦਾਤਾਰ ਸਰਬ ਕਲਾ ਸਮਰਥ ਹੈ ਤੇ ਸਾਰਿਆਂ ਦੀ ਅਰਦਾਸ ਸੁਣ ਕੇ ਮੁਰਾਦਾਂ ਪੂਰੀਆਂ ਕਰਦਾ ਹੈ। ਗੁਰਸਿਖ ਨੂੰ ਪੂਰਨ ਭਰੋਸਾ ਹੈ ਕਿ–

ਮਿਹਰਵਾਨੁ ਸਾਹਿਬੁ ਮਿਹਰਬਾਨੁ ॥
ਸਾਹਿਬੁ ਮੇਰਾ ਮਿਹਰਬਾਨੁ ॥
ਜੀਅ ਸਗਲ ਕਉ ਦੇਇ ਦਾਨੁ ॥

ਉਸ ਦਾ ਮਾਲਕ ਸਦਾ ਕਿਰਪਾ ਨਿਧਾਨ ਮਿਹਰ-ਬਾਨ ਹੈ ਜੋ ਸਾਰਿਆਂ ਜੀਵਾਂ ਨੂੰ ਦਾਨ ਦੇਂਦਾ ਹੈ। ਉਹ ਕਿਸੇ ਦੀ ਬੇਨਤੀ ਨਹੀਂ ਮੋੜਦਾ। ਪਰ ਮੰਗਣ ਵਾਲਾ ਉਸ ਤੋਂ ਸੱਚੇ ਦਿਲ ਨਾਲ ਮੰਗੇ। ਜੇਕਰ ਦਿਲ ਅੰਦਰ ਵਿਸ਼ਵਾਸ ਨਾ ਹੋਵੇ, ਉਸ ਉਤੇ ਭਰੋਸਾ ਨਾ ਹੋਵੇ ਤੇ ਮੂੰਹੋਂ ਅਰਦਾਸ ਕਰਦਾ ਰਹੇ, ਉਹ ਕਿਸ ਤਰ੍ਹਾਂ ਦਾਨ ਲੈ ਸਕਦਾ ਹੈ। ਦਿਲ ਅੰਦਰ ਪ੍ਰੇਮ ਹੋਵੇ, ਉਸ ਨਾਲ ਮੁਹਬਤ ਹੋਵੇ ਤਾਂ ਇਹੋਂ ਜੇਹੇ ਹਿਰਦੇ ਅੰਦਰੋਂ ਨਿਕਲੀ ਹੋਈ ਅਰਦਾਸ ਕਦੀ ਖਾਲੀ ਨਹੀਂ ਜਾਂਦੀ। ਅਰਦਾਸ ਕਰਨ ਲਈ ਵੀ ਜ਼ਰੂਰੀ ਹੈ ਕਿ ਉਸ ਦਾਤਾਰ ਨਾਲ ਪਿਆਰ ਕੀਤਾ ਜਾਵੇ। ਜਿਨ੍ਹਾਂ ਦੇ ਦਿਲ ਅੰਦਰ ਕੁਝ ਹੋਰ ਹੋਵੇ ਮਨ ਵਿਚ ਕੁਝ ਹੋਵੇ ਉਹ ਕੱਚੇ ਹੁੰਦੇ ਹਨ ਅਤੇ ਕੱਚਿਆਂ ਦੀ ਅਰਦਾਸ ਕਿਸ ਤਰ੍ਹਾਂ ਪਰਵਾਨ ਹੋਵੇ। ਜਦੋਂ ਗੁਰਸਿਖਾਂ ਦੇ ਕਹੇ ਜਾਂ ਦੇਖਾ ਦੇਖੀ ਨਾਸਤਕ ਅਰਦਾਸ ਕਰਦਾ ਹੈ ਅਤੇ ਉਸ ਦੀ ਮੁਰਾਦ ਪੂਰੀ ਨਹੀਂ ਹੁੰਦੀ ਤਾਂ ਉਹ ਇਹੋ ਕਹਿੰਦਾ ਹੈ ਕਿ ਦਾਤਾਰ ਕੋਈ ਅਰਦਾਸ ਨਹੀਂ ਸੁਣਦਾ, ਪਰ ਇਕ ਗੁਰਮੁਖ

ਪਿਆਰੇ ਦਾ ਵਿਸ਼ਵਾਸ ਹੁੰਦਾ ਹੈ ਕਿ–

ਸੁਣੀ ਪੁਕਾਰ ਸਮਰਥ ਸੁਆਮੀ
ਬੰਧਕ ਕਾਟਿ ਸਵਾਰੇ ॥
ਪਹਿਰਿ ਸਿਰਪਾਉ ਸੇਵਕ ਜਨ ਮੇਲੇ
ਨਾਨਕ ਪ੍ਰਗਟ ਪਹਾਰੇ ॥

ਉਹ ਦਾਤਾਰ ਹਰ ਪਰਕਾਰ ਦੇ ਬੰਧਨ ਕਟ ਕੇ, ਕਸ਼ਟ ਨਿਵਾਰ ਕੇ ਆਪਣੇ ਸੇਵਕ ਦੀ ਪੈਜ ਰਖਦਾ ਹੈ, ਉਸ ਨੂੰ ਸਵਾਰਦਾ ਹੈ, ਉਹ ਹਾਜ਼ਰ ਨਾਜ਼ਰ ਹੈ। ਭਾਈ ਸਾਹਿਬ ਆਪਣੇ ਸਤਿਸੰਗੀਆਂ ਵਿਚ ਹਰ ਸਮੇਂ ਇਹੋ ਪਰਚਾਰ ਕਰਦੇ ਹੁੰਦੇ ਸਨ ਕਿ ਕਲਜੁਗ ਅੰਦਰ ਕੀਰਤਨ ਤੇ ਨਾਮ ਦਾ ਹੀ ਆਸਰਾ ਹੈ। ਗੁਰਸਿਖਾਂ ਨੂੰ ਕਦੀ ਵੀ ਅਜਿਹੀਆਂ ਪੁਸਤਕਾਂ ਤੇ ਰਸਾਲੇ ਨਹੀਂ ਪੜ੍ਹਨੇ ਚਾਹੀਦੇ ਜੋ ਗੁਰਸਿਖ ਦੇ ਮਨ ਵਿਚੋਂ ਸਿਰਜਣਹਾਰ ਦਾ ਵਿਸ਼ਵਾਸ ਗਵਾਉਣ ਵਾਲੇ ਹੋਣ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸੰਸਾਰ ਵਿਚ ਆਏ ਹੀ ਇਸੇ ਲਈ ਸਨ ਕਿ ਉਹਨਾਂ ਨੂੰ ਇਸ ਗਲ ਦੀ ਸੂਝ ਕਰਵਾਈ ਜਾਵੇ ਕਿ ਐਹ ਦੁਨੀਆਂ ਦੇ ਲੋਕੋ! ਏਧਰ ਓਧਰ ਕਿਉਂ ਭਟਕਦੇ ਫਿਰਦੇ ਹੋ। ਜੇਕਰ ਆਪ ਨੂੰ ਕੋਈ ਦੁਖ ਹੈ, ਤਕਲੀਫ ਹੈ ਤਾਂ ਅਕਾਲ ਪੁਰਖ ਦਾ ਆਸਰਾ ਲਓ, ਉਸ ਉਤੇ ਵਿਸ਼ਵਾਸ ਰਖੋ, ਉਸ ਅਗੇ ਅਰਦਾਸ ਕਰੋ, ਸ੍ਵਾਸ ਸ੍ਵਾਸ ਸਿਮਰਨ ਕਰੋ। ਤੁਹਾਡਾ ਪਿਆਰ, ਤੁਹਾਡਾ ਸਿਦਕ ਤੇ ਭਰੋਸਾ ਦੇਖ ਕੇ ਉਹ ਦਾਤਾਰ ਤੁਹਾਡੇ ਸਾਰੇ ਕਸ਼ਟ ਨਵਿਰਤ ਕਰ ਦੇਵੇਗਾ। ਇਸ ਲਈ ਅਗਿਆਨਤਾ ਦੇ

ਹਨੇਰੇ ਵਿਚੋਂ ਨਿਕਲਕੇ ਸਤਿਗੁਰੂ ਦੀ ਸ਼ਰਨ ਆਓ। ਗੁਰਬਾਣੀ ਦਾ ਕੀਰਤਨ ਕਰੋ, ਕੀਰਤਨ ਸੁਣੋ, ਸ੍ਵਾਸ ਸ੍ਵਾਸ ਚਿਤਾਰੋ, ਤਾਂ ਜੋ ਉਸ ਨਾਲ ਤੁਹਾਡਾ ਮਨ ਜੁੜਿਆ ਰਹੇ ਤੇ ਏਧਰ ਓਧਰ ਨਾ ਭਟਕੇ। ਇਸ ਸੰਸਾਰ ਅੰਦਰ ਰਹਿ ਕੇ ਜੀਵਨ ਸੁਖੀ ਬਤੀਤ ਕਰਨ ਦਾ ਇਕੋ ਇਕ ਰਸਤਾ ਇਹ ਹੈ ਕਿ ਨਾਮ ਦਾ ਸਿਮਰਨ ਕੀਤਾ ਜਾਵੇ। ਇਧਰ ਉਧਰ ਭਟਕਣ ਦੀ ਕੋਈ ਲੋੜ ਨਹੀਂ। ਜਿਹੜੇ ਆਪ ਭੁਲੇ ਹੋਏ ਹਨ ਉਹ ਦੂਸਰਿਆਂ ਨੂੰ ਵੀ ਕੁਰਾਹੇ ਪਾਉਂਦੇ ਹਨ। 'ਗੁਰੂ ਜਿਨ੍ਹਾਂ ਦਾ ਅੰਧਲਾ ਸਿਖੁ ਭੀ ਅੰਧੇ ਕਰਮ ਕਰੇਨੁ ॥' ਅਰਥਾਤ ਜਿਨ੍ਹਾਂ ਦਾ ਗੁਰੂ ਅੰਨ੍ਹਾਂ ਹੈ, ਉਸ ਅੰਨ੍ਹੇ ਗੁਰੂ ਦੇ ਸਿਖ ਵੀ ਅੰਨ੍ਹੇ ਕੰਮ ਕਰਦੇ ਹਨ। ਭਟਕਦੇ ਫਿਰਦੇ ਤੇ ਦੁਖੀ ਹੁੰਦੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੁਰ ਵਿਸ਼ਵਾਸ ਕਰਨ ਵਾਲੇ ਅਕਾਲ ਪੁਰਖ ਉਤੇ ਸਿਦਕ ਤੇ ਭਰੋਸਾ ਰਖਦੇ ਹੋਏ ਉਸ ਨਾਲ ਲਿਵ ਜੋੜਨ ਦਾ ਯਤਨ ਕਰਦੇ ਰਹਿੰਦੇ ਹਨ। ਲਿਵ ਜੋੜਨ ਦਾ ਇਕੋ ਇਕ ਤਰੀਕਾ ਇਹ ਹੈ ਕਿ ਸੱਚੇ ਦਿਲੋਂ ਉਸ ਨਾਲ ਪਿਆਰ ਕਰ ਕੇ ਸ੍ਵਾਸ ਸ੍ਵਾਸ ਸਿਮਰਨ ਕੀਤਾ ਜਾਵੇ।

†

# ੧੨.

## ਅਕਾਲ ਪੁਰਖ ਦੀ ਪ੍ਰਾਪਤੀ ਕਿਵੇਂ ਹੋਵੇ ?

ਇਹ ਗੱਲ ਠੀਕ ਹੈ ਕਿ ਅਕਾਲ ਪੁਰਖ ਦੀ ਵਡਿਆਈ ਕਰਨ ਨਾਲ, ਉਸਦੀ ਸਿਫਤ ਸਾਲਾਹ ਕਰਨ ਨਾਲ ਉਹ ਵੱਡਾ ਨਹੀਂ ਹੋ ਜਾਂਦਾ ਹੈ। ਉਹ ਤੇ ਐਡਾ ਵਡਾ ਤੇ ਮਹਾਨ ਹੈ ਕਿ ਉਸ ਦੀ ਵਡਿਆਈ ਕੀਤੀ ਹੀ ਨਹੀ ਜਾ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :—

ਵਡੇ ਕੀਆ ਵਡਿਆਈਆ
ਕਿਛੁ ਕਹਿਣਾ ਕਹਿਣ ਨਾ ਜਾਇ ॥
ਸੋ ਕਰਤਾ ਕਾਦਰੁ ਕਰੀਮੁ
ਦੇਇ ਜੀਆ ਰਿਜਕ ਸੰਬਾਇ ॥

ਉਹ ਕਿੱਡਾ ਕੁ ਵਡਾ ਹੈ। ਇਹ ਕੋਈ ਨਹੀਂ ਜਾਣ ਸਕਦਾ। ਕਿਉਂਕਿ ਜੇ ਕੋਈ ਉਸ ਜਿੱਡਾ ਵੱਡਾ ਹੋਵੇ ਤਾਂ ਹੀ ਉਹ ਜਾਣ ਸਕਦਾ ਹੈ ਕਿ ਉਹ ਕਿੱਡਾ ਕੁ ਵੱਡਾ ਹੈ। ਪਰ ਉਸ ਜਿਡਾ ਕੋਈ ਕਿਸ ਤਰ੍ਹਾਂ ਹੋ ਸਕਦਾ ਹੈ? ਬੜੇ ਬੜੇ ਅਵਤਾਰ, ਪੈਗੰਬਰ, ਦੇਵਤੇ, ਬ੍ਰਹਮਾ ਵਿਸ਼ਨੂੰ ਤੇ ਸ਼ਿਵ ਵਰਗੇ ਉਸ ਦਾ ਅੰਤ ਨਾ ਪਾ ਸਕੇ, ਇਹ ਜੀਵ ਵਿਚਾਰਾ ਕੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ 'ਵਡਿਆਈ ਵਡਾ ਪਾਇਆ' ਅਰਥਾਤ ਉਸ ਵਡੇ ਦੀਆਂ ਵਡਿਆਈਆਂ ਕਰਨ ਨਾਲ, ਉਸ ਦੀ ਸਿਫਤ ਸਲਾਹ ਕਰਨ ਨਾਲ ਹੀ ਉਹ ਵਡਾ ਪ੍ਰਾਪਤ ਹੋ ਸਕਦਾ ਹੈ।

ਭਾਈ ਸਾਹਿਬ ਸਦਾ ਇਹੋ ਕਿਹਾ ਕਰਦੇ ਸਨ ਕਿ ਨਾਮ ਦਾ ਸਿਮਰਨ ਕਰਨ ਨਾਲ ਹੀ ਉਸ ਦੀ ਯਾਦ ਜੀਵਨ ਦਾ ਅੰਗ ਬਣਦੀ ਹੈ, ਉਸ ਨਾਲ ਪਿਆਰ ਪੈਦਾ ਹੁੰਦਾ ਹੈ ਤੇ ਉਹ ਸਿਰਜਣਹਾਰ ਆਪਣੇ ਪ੍ਰੇਮੀ ਨੂੰ ਆਪਣੀ ਵਡਿਆਈ ਤੇ ਸਿਫਤ ਸਾਲਾਹ ਬਖਸ਼ਦਾ ਹੈ, ਅਤੇ ਜਿਹੜਾ ਗੁਰਮੁਖ ਇਸ ਤਰ੍ਹਾਂ ਉਸ ਦੀ ਸਿਫਤ ਸਾਲਾਹ ਤੇ ਵਡਿਆਈ ਗਾਉਂਦਾ ਹੈ ਉਸ ਸਭ ਤੋਂ ਮਹਾਨ ਹੈ—

ਜਿਸ ਨੋ ਬਖਸੇ ਸਿਫਤ ਸਾਲਾਹੁ ॥
ਨਾਨਕ ਪਾਤਸ਼ਾਹੀ ਪਾਤਸਾਹੁ ॥

ਸਿਰਜਣਹਾਰ ਹਰ ਸਮੇਂ ਜੀਵ ਦੇ ਨਾਲ, ਜੀਵ ਦੇ ਅੰਗ ਸੰਗ ਰਹਿੰਦਾ ਹੈ। ਉਹ ਜਾਣਦਾ ਕਿ ਜੀਵ ਕਿੰਨਾ ਚਿਰ ਉਸ ਵਲੋਂ ਮੂੰਹ ਮੋੜੀ ਰਖਦਾ ਤੇ ਕਿੰਨਾ ਚਿਰ ਉਸ ਨੂੰ ਯਾਦ ਕਰਦਾ

ਹੈ। ਉਸ ਦੀ ਯਾਦ ਉਸ ਦਾ ਸਿਮਰਨ ਹੀ ਉਸ ਦੀ ਵਡਿ-ਆਈ ਹੈ ਕਿਉਂਕਿ ਜਿਸ ਨੂੰ ਉਹ ਦਾਤਾਰ ਯਾਦ ਆਉਂਦਾ ਹੈ, ਯਾਦ ਹੁੰਦਾ ਹੈ ਉਹ ਕਦੀ ਵੀ ਕਿਸੇ ਨੂੰ ਦੁਖ ਨਹੀਂ ਦੇਂਦਾ। ਉਹ ਹਰ ਇਕ, ਵਿਚ ਉਸ ਦਾ ਸਰੂਪ ਦੇਖ ਕੇ ਉਸ ਨਾਲ ਪਿਆਰ ਕਰਦਾ ਹੈ ਤੇ ਕਿਸੇ ਨੂੰ ਵੀ ਬੁਰਾ ਨਹੀਂ ਕਹਿੰਦਾ। ਬਾਬਾ ਫ਼ਰੀਦ ਜੀ ਕਹਿੰਦੇ ਹਨ–

ਫਰੀਦਾ ਖਾਲਕੁ ਖਲਕ ਮਹਿ
ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ
ਜਾ ਤਿਸ ਬਿਨੁ ਕੋਈ ਨਾਹਿ ॥

ਜੋ ਵੀ ਉਸ ਦੀ ਵਡਿਆਈ ਕਰਦਾ ਹੈ, ਉਹ ਉਸ ਉਤੇ ਪ੍ਰਸੰਨ ਹੀ ਨਹੀਂ ਹੁੰਦਾ, ਉਸ ਦੇ ਵਸ ਵਿਚ ਆ ਜਾਂਦਾ ਹੈ। ਉਸ ਨੂੰ ਆਪਣੀ ਵਡਿਆਈ ਚੰਗੀ ਲਗਦੀ ਹੈ।–

ਹਰਿ ਆਪਣੀ ਵਡਿਆਈ ਭਾਂਵਦੀ
ਜਨ ਕਾ ਜੈਕਾਰ ਕਰਾਈ ॥

ਜਦੋਂ ਉਸ ਦੀ ਸਿਫਤ ਸਲਾਹ ਹੁੰਦੀ ਹੈ ਉਹ ਪ੍ਰਸੰਨ ਹੁੰਦਾ ਹੈ ਅਤੇ ਸਿਫਤ ਸਲਾਹ ਕਰਨ ਵਾਲੇ ਦੀ ਜੈ ਜੈ ਕਾਰ ਕਰਾਉਂਦਾ ਹੈ। ਉਹ–

'ਘਟ ਘਟ ਕੇ ਅੰਤਰਿ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥'

ਦੇ ਮਹਾਂਵਾਕ ਅਨੁਸਾਰ ਸਭਨਾਂ ਦੇ ਦਿਲਾਂ ਦੀਆਂ ਜਾਣਦਾ

ਹੈ ਕਿ ਕੋਈ ਕਿਸ ਤਰ੍ਹਾਂ ਦਾ ਪਿਆਰ ਕਰਦਾ ਹੈ। ਉਹ ਸਰਬ ਕਲਾ ਭਰਪੂਰ ਤੇ ਸਰਬ ਕਲਾ ਸਮਰਥ ਹੋਣ ਕਰ ਕੇ 'ਸਦ ਸੁਣਦਾ ਸਦ ਵੇਖਦਾ ਹੈ ॥ ਉਹ ਸਰਬ ਵਿਆਪੀ ਹੈ ਤੇ ਸਾਰਿਆਂ ਨਾਲ ਇਕ ਮਿਕ ਹੋਣ ਕਰ ਕੇ ਸਾਰਿਆਂ ਦੀ ਪੁਕਾਰ ਤੇ ਬੇਨਤੀ ਸੁਣਦਾ ਹੈ। ਪਰ ਕੋਈ ਪੁਕਾਰ ਕਰੇ ਵੀ। ਸਚੇ ਦਿਲੋਂ ਪੁਕਾਰੇ ਉਹ ਝੱਟ ਹਾਜ਼ਰ ਹੋ ਕੇ ਪਰਤੱਖ ਹੋ ਜਾਂਦਾ ਹੈ। ਉਹ ਇਕ ਇਕ ਕਣ ਵਿਚ ਵਸਦਾ ਹੈ। ਉਹ ਜੜ੍ਹ ਵਸਤੂ ਨਹੀਂ, ਚੇਤੰਨ ਹੈ, ਨਿਰਾਕਾਰ ਹੁੰਦਿਆਂ ਹੋਇਆਂ ਵੀ ਸ੍ਾਕਾਰ ਹੈ, ਉਹ ਜਾਣਦਾ ਸਮਝਦਾ ਤੇ ਅਨੁਭਵ ਕਰਦਾ ਹੈ। ਇਹ ਖਿਆਲ ਕਰਨਾ ਕਿ ਉਹ ਜੋ ਕੁਝ ਕਰ ਚੁਕਾ ਹੈ ਬਸ ਠੀਕ ਹੈ, ਹੁਣ ਹੋਰ ਕੁਝ ਨਹੀਂ ਕਰਦਾ ਅਤੇ ਨਾ ਹੀ ਕਰ ਸਕਦਾ ਹੈ, ਇਹ ਖਿਆਲ ਨਾਸ-ਤਕਾਂ ਦਾ ਹੈ ਜੋ ਕੁਝ ਕਰ ਚੁਕਾ ਹੈ ਬਸ ਠੀਕ ਹੈ, ਹੁਣ ਹੋਰ ਕੁਝ ਨਹੀਂ ਕਰਦਾ ਅਤੇ ਨਾ ਹੀ ਕਰ ਸਕਦਾ ਹੈ, ਇਹ ਖਿਆਲ ਨਾਸਤਕਾਂ ਦਾ ਹੈ ਜੋ ਰਬ ਨੂੰ ਨਹੀਂ ਮੰਨਦੇ। ਉਹ ਲੋਕ ਮੂੰਹੋਂ ਭਾਵੇਂ ਕੁਝ ਕਹਿਣ ਕਿ ਅਸੀਂ ਰਬ ਦੀ ਹਸਤੀ ਨੂੰ ਮੰਨਦੇ ਹਾਂ। ਪਰ—

'ਜਿਨ ਕੈਸਾ ਕਰਿ ਸੇਵਿਆ ਤੈਸੋ ਹੀ ਫਲੁ ਹੋਇ ॥'

ਇਸ ਮਹਾਂਵਾਕ ਅਨੁਸਾਰ ਉਹ ਜਿਸ ਤਰ੍ਹਾਂ ਦਾ ਉਸ ਸਬੰਧੀ ਖਿਆਲ ਕਰਦੇ, ਹਨ ਉਹੋ ਜਿਹਾ ਫਲ ਪਰਾਪਤ ਕਰੀ ਜਾਂਦੇ ਹਨ। ਜਦੋਂ ਉਹਨਾਂ ਨੂੰ ਦੁਖ ਵਾਪਰਦੇ ਹਨ ਉਹ ਖਿਆਲ ਕਰਨ ਲਗ ਪੈਂਦੇ ਹਨ ਕਿ ਰੱਬ ਹੈ ਈ ਨਹੀਂ। ਭਾਈ ਸਾਹਿਬ

ਜੀ ਕਿਹਾ ਕਰਦੇ ਸਨ ਕਿ ਐ ਗੁਰਸਿਖੋ ! ਇਹੋ ਜਹੇ ਬੰਦੇ ਨਾਸਤਕ ਹੁੰਦੇ ਹਨ ਜੋ ਪੂਰੀ ਤਰ੍ਹਾਂ ਵਿਸ਼ਵਾਸ ਨਹੀਂ ਰਖਦੇ। ਗੁਰਮੁਖ ਸਦਾ ਗੁਰਬਾਣੀ ਦਾ ਆਸਰਾ ਲੈਂਦੇ ਹੋਏ ਉਸ ਦਾ ਸਿਮਰਨ ਕਰਦੇ ਤੇ ਉਸ ਉਤੇ ਪੂਰਨ ਭਰੋਸਾ ਰਖਦੇ ਹਨ। ਉਸ ਨੂੰ ਪ੍ਰਾਪਤ ਕਰਨ ਦਾ ਇਹੋ ਇਕ ਰਾਹ ਹੈ।

# ੧੩.

# ਭਾਈ ਸਾਹਿਬ ਜੀ ਦਾ ਆਦਰਸ਼

ਭਾਈ ਸਾਹਿਬ ਇਕ ਪੂਰਨ ਗੁਰਸਿਖ ਤੇ ਉਚੇ ਆਦ੍ਰਸ਼ ਦੇ ਮਾਲਕ ਸਨ। ਆਪ ਦਾ ਕਥਨ ਸੀ ਕਿ ਗੁਰਸਿਖ ਸੁਤ ਦਾਰਾ (ਪੁਤਰ ਤੇ ਇਸਤਰੀ) ਨਾਲ ਵੀ ਬਹੁਤਾ ਪਿਆਰ ਨਹੀਂ ਚਾਹੁੰਦਾ। ਆਪਣੇ ਪ੍ਰੀਤਮ ਨੂੰ ਛੱਡ ਕੇ ਉਸ ਦੀ ਮੋਹ ਮਾਇਆ ਲਈ ਭਟਕਣਾ ਗੁਰਸਿਖ ਦਾ ਕੰਮ ਨਹੀਂ। ਗੁਰਸਿਖ ਤਾਂ ਕਰਤਾਰ ਦੀ ਸਮੁਚੀ ਰਚਨਾ ਵਿਚ ਆਪਣੇ ਪ੍ਰੀਤਮ ਦਾ ਰੂਪ ਦੇਖ ਕੇ ਸਭਨਾਂ ਨਾਲ ਇਕੋ ਜਿਹਾ ਵਰਤਦਾ ਤੇ ਸਭਨਾਂ ਨਾਲ ਇਕੋ ਜਿਹਾ ਪਿਆਰ ਕਰਦਾ ਹੈ; ਉਸ ਵਿਚ ਵਿਤਕਰੇ ਦਾ ਭਾਵ ਨਹੀਂ ਹੁੰਦਾ। ਗੁਰਸਿਖਾਂ ਸੇਤੀ ਗੁਣਾਂ ਦੀ ਸਾਂਝ ਅਵਗੁਣਾਂ

ਦਾ ਤਿਆਗ ਇਹ ਪਰਸਪਰ ਪਿਆਰ ਉਪਜਾਊ ਸੱਚਾ ਪਰੇਮ ਨੁਸਖਾ ਹੈ, ਜਿਸ ਦੇ ਵਰਤਣ ਨਾਲ ਗੁਰਸਿਖਾਂ ਵਿਚ ਪ੍ਰੇਮ ਦੀ ਪੀਡੀ ਗੰਢ ਪਈ ਰਹਿੰਦੀ ਹੈ ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ ? ਨਾਮ ਦੀ ਆਕਰਖਣੀ (ਖਿੱਚਾਂ ਪਾਉਣ ਵਾਲੀ) ਭਾਰ ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖ ਨਾਮ-ਤਾਰ ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ - ਜਗੰਨ - ਜੋਤੀਸ਼ (ਨਿਰੰਕਾਰ ਦੇ ਜਲਵੇ ਦੀ ਜਾਗਦੀ ਜੋਤ) ਦੀ ਸਾਂਝੀ ਤਾਰ ਜੋ ਫਿਰੀ ਹੋਈ ਹੈ।ਸੱਚੀਸਾਂਝੀਵਾਲਤਾ ਦੀ ਇਹ ਨਾਮ ਤਰਬ ਤਰੰਗੀ ਤਾਰ ਕਦੇ ਤੋੜੀ ਟੁਟਦੀ ਨਹੀ ਛੱਡੀ ਛੁੱਟਦੀ ਨਹੀਂ।

'ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧਉ ਖ੍ਰੀਤਿ ਬਨੀ ॥'

ਇਸ ਸਚੀ ਸਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣ ਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੇ ਸੇਵਕ ਦੀ ਰੇਣ (ਚਰਨ ਧੂੜ) ਹੋਇ ਰਹਿਣ ਨੂੰ ਪਸੀਜਿਆ ਪਸਮਿਆਂ ਰਹਿੰਦਾ ਹੈ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤ ਦੀ ਸ਼ੁਭ ਨਿਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਔਗੁਣ ਭੀ ਗੁਣ ਹੀ ਪਰਤੀਤ ਹੁੰਦੇ ਹਨ... ...।'

ਆਪ ਪੰਥਕ ਪਿਆਰ, ਪੰਥਕ ਏਕਤਾ ਤੇ ਪੰਥਕ ਸੰਗਠਨ ਲਈ ਹਰ ਸਮੇਂ ਯਤਨ ਤੇ ਪ੍ਰਾਰਥਨਾ ਕਰਦੇ ਰਹੇ। ਆਪ ਜਿਥੇ ਜਿਥੇ ਜਾ ਕੇ ਕੀਰਤਨ ਕਰਦੇ ਰਹੇ ਨਾਲ ਹੀ ਆਪ ਇਸ ਗਲ ਦਾ ਪਰਚਾਰ ਕਰਦੇ ਰਹੇ ਕਿ ਪੰਥ ਵਿਚ ਜੋ ਵਖ ਵਖ ਧੜੇ-

ਬੰਦੀਆਂ ਹਨ ਇਹ ਦੂਰ ਕਰ ਕੇ ਸਾਰੇ ਪੰਥ ਨੂੰ ਇਸ ਤਰ੍ਹਾਂ ਜਥੇਬੰਦ ਕੀਤਾ ਜਾਵੇ ਕਿ ਸਾਰੇ ਸੰਸਾਰ ਦੇ ਗੁਰਸਿਖਾਂ, ਪੰਥਕ ਸੁਸਾਇਟੀਆਂ, ਜਥੇਬੰਦੀਆਂ, ਸਿੰਘ ਸਭਾਵਾਂ ਦੀ ਇਕੋ ਹੀ ਅਵਾਜ਼ ਹੋਵੇ। ਆਪ ਕੀਰਤਨ ਸਮੇਂ ਇਹ ਕਿਹਾ ਕਰਦੇ ਸਨ ਕਿ ਪੰਥ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿਖਾਂ ਸੇਵਕਾਂ ਦੇ ਅੰਗ ਸੰਗ ਹਨ। ਗੁਰਸਿਖ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਸਿਦਕ ਹੋਣਾ ਚਾਹੀਦਾ ਹੈ ਕਿ 'ਮੇਰੇ ਅੰਗ ਸੰਗ ਮੇਰਾ ਗੁਰੂ ਬਾਜਾਂ ਵਾਲਾ ਹੈ।' ਅਜਿਹੇ ਸਿਦਕਵਾਨ ਗੁਰਸਿਖ ਹਰ ਸਮੇਂ ਆਪਣੇ ਹਿਰਦੇ ਅੰਦਰ ਆਪਣੇ ਪ੍ਰੀਤਮ ਦਾ ਦੀਦਾਰ ਕਰਦੇ ਰਹਿੰਦੇ ਹਨ ਤੇ ਆਪੇ ਦਾ ਰਸ ਮਾਣਦੇ ਹੋਏ ਜੀਵਨ ਯਾਤਰਾ ਬੜੀ ਸਫਲਤਾ ਨਾਲ ਤੈਅ ਕਰਦੇ ਚਲੇ ਜਾਂਦੇ ਹਨ। ਨਾਮ ਦਾ ਸਿਮਰਨ ਗੁਰਸਿਖਾਂ ਦੀ ਜ਼ਬਾਨ, ਹਿਰਦੇ ਅਤੇ ਸਰੀਰ ਨੂੰ ਪਵਿਤਰ ਹੀ ਨਹੀਂ ਕਰਦਾ ਸਗੋਂ ਨਾਮੀ (ਅਕਾਲ ਪੁਰਖ) ਨਾਲ ਸੰਜੋਗ ਬਣਾ ਦੇਂਦਾ ਹੈ ਤੇ ਗੁਰਸਿਖ ਅਕਾਲ ਪੁਰਖ ਨਾਲ ਇਸ ਤਰ੍ਹਾਂ ਅਭੇਦ ਹੋ ਜਾਂਦਾ ਹੈ ਕਿ 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਕ ਜਲ ਤਰੰਗ ਜੈਸਾ ॥'ਦੇ ਮਹਾਂਵਾਕ ਅਨੁਸਾਰ ਗੁਰਸਿਖ ਸਰੀਰਕ ਤੌਰ ਤੇ ਤਾਂ ਆਪਣੇ ਸਿਰਜਣਹਾਰ ਨਾਲੋਂ ਵਖਰਾ ਪ੍ਰਤੀਤ ਹੁੰਦਾ ਹੈ, ਪਰ ਅਸਲ ਵਿਚ ਉਹ 'ਹਰਿ ਹਰਿਜਨੁ ਦੋਇ ਏਕ ਹੈ' ਦੇ ਮਹਾਂਵਾਕ ਅਨੁਸਾਰ 'ਦ੍ਵੈ ਤੇ ਏਕੁ ਰੂਪ ਹੋਇ ਗਇਓ' ਗੁਰਸਿਖ ਅਕਾਲ ਪੁਰਖ ਨਾਲ ਇਕ ਮਿਕ ਹੋਇਆ ਰਹਿੰਦਾ ਹੈ। ਸ੍ਰੀ

ਦਸਮੇਸ਼ ਪਿਤਾ ਜੀ ਨੇ ਫੁਰਮਾਇਆ ਸੀ ਕਿ 'ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।' ਫਿਰ ਖਾਲਸਾ ਇਧਰ ਉਧਰ ਭਟਕਦਾ ਫਿਰੇ। ਪੰਥਕ ਜਥੇਬੰਦੀ ਤੇ ਏਕਤਾ ਦਾ ਖਿਆਲ ਨਾ ਕਰੇ ਜਾਂ ਆਪਣੀ ਰਹਿਤ ਮਰਯਾਦਾ, ਆਪਣੇ ਅਸੂਲਾਂ ਨੂੰ ਭੁਲ ਕੇ ਆਮ ਸੰਸਾਰਕ ਜੀਵਾਂ ਵਾਂਗ ਜੀਵਨ ਬਤੀਤ ਕਰੇ ਤਾਂ ਉਹ ਖਾਲਸਾ ਕਿਵੇਂ ਅਖਵਾ ਸਕਦਾ ਹੈ।

ਅਜ ਕਲ ਕਈ ਵੀਰ ਇਹ ਕਹਿੰਦੇ ਸੁਣੀਦੇ ਹਨ ਕਿ ਇਸ ਸਮੇਂ ਸਿਖਾਂ ਵਿਚ ਤੇ ਅਨਮਤੀਆਂ ਵਿਚ ਕੋਈ ਭੇਦ ਨਹੀਂ। ਇਹ ਐਵੇਂ ਕਹਿਣ ਦੀਆਂ ਗੱਲਾਂ ਹਨ। ਇਸ ਯੁਗ ਵਿਚ ਸਿਖਾਂ ਨਾਲੋਂ ਗੈਰ ਸਿਖ ਬੜੇ ਤਕੜੇ, ਦਲੇਰ ਤੇ ਬਲਵਾਨ ਹਨ, ਸਿਖ ਤਾਂ ਅਨਮਤੀਆਂ ਨਾਲ ਰਲ ਕੇ ਉਹੋ ਜਹੇ ਹੀ ਬਣ ਚੁਕੇ ਹਨ। ਅਜਿਹੇ ਵਾਕ ਕਹਿਣ ਵਾਲੇ ਢਿੱਲੜ ਤੇ ਭੁਲੜ ਹਨ, ਉਹ ਆਪਣੇ ਰਾਹੋਂ ਭਟਕ ਚੁਕੇ ਹਨ ਤੇ ਇਹੋ ਜਹੀਆਂ ਗੱਲਾਂ ਕਰ ੨ ਕੇ ਦੂਜਿਆਂ ਨੂੰ ਵੀ ਭਟਕਣਾਂ ਵਿਚ ਪਾਉਣ ਦਾ ਯਤਨ ਕਰਦੇ ਹਨ। ਕਦੀ ਸ਼ੇਰਾਂ ਦੇ ਬਚੇ ਵੀ ਗਿੱਦੜ ਜਾਂ ਸ਼ਿਕਾਰੀ ਕੁਤੇ ਹੋ ਸਕਦੇ ਹਨ। ਜਦੋਂ ਅਜਿਹੇ ਲੋਕ ਗਿੱਦੜਾਂ ਤੇ ਸ਼ਿਕਾਰੀ ਕੁਤਿਆਂ ਨੂੰ ਦੇਖਦੇ ਹਨ ਕਿ ਇਹ ਨਿਕੇ ਨਿਕੇ ਜਾਨ-ਵਰਾਂ ਦਾ ਘਾਤ ਕਰਦੇ ਹਨ ਤੇ ਕਈਆਂ ਦਾ ਲਹੂ ਪੀਂਦੇ ਹਨ, ਪਰ ਸ਼ੇਰ ਮਸਤ ਬੈਠਾ ਹੈ, ਉਹ ਸਮਝਦੇ ਹਨ ਕਿ ਸ਼ੇਰ ਕੁਝ ਕਰਨ ਜੋਗਾ ਹੀ ਨਹੀਂ ਰਿਹਾ। ਪਰ ਜਦੋਂ ਦੇਸ਼ ਤੇ ਕੌਮ ਉਤੇ ਕੋਈ ਭੀੜ ਆ ਬਣਦੀ ਹੈ ਤਾਂ ਇਹ ਗਿੱਦੜ ਪੂਛ ਹਿਲਾ-

ਉਂਦੇ ਹੋਏ ਜਾਂ ਤੇ ਘੁਰਨਿਆਂ ਵਿਚ ਜਾ ਵੜਦੇ ਹਨ ਜਾਂ ਕਿਸੇ ਹੋਰ ਪਾਸੇ ਦੌੜ ਜਾਂਦੇ ਹਨ। ਸ਼ੇਰ ਮੈਦਾਨ ਵਿਚ ਨਿਕਲ ਕੇ ਬੁਕਦਾ ਹੈ, ਦੂਤੀ ਦੁਸ਼ਮਣ, ਜ਼ਾਲਮ ਹਤਿਆਰੇ ਸ਼ੇਰ ਦੀ ਗਰਜ ਸੁਣ ਕੇ ਥਰ ਥਰ ਕੰਬਣ ਲਗਦੇ ਹਨ। ਖਾਲਸਾ ਸ੍ਰੀ ਦਸਮੇਸ਼ ਪਿਤਾ ਜੀ ਦਾ ਸਾਜਿਆ 'ਸਿੰਘ' ਹੈ ਤੇ ਸੰਤ ਸਿਪਾਹੀ ਹੈ। ਅਮਨ ਵੇਲੇ ਇਹ ਸੰਤ ਹੈ, ਨਿਰਮਾਣ ਹੈ, ਜਨਤਾ ਦਾ ਸੇਵਕ ਹੈ, ਪਰ ਜਦੋਂ ਇਸ ਨਿਰਮਾਣ ਸੇਵਕ ਉਤੇ ਜਾਂ ਇਸ ਦੇ ਦੇਸ਼ ਉਤੇ ਕੋਈ ਭੀੜ ਆ ਬਣੇ ਤਾਂ ਇਹ ਅਜਿਹਾ ਬਿਫਰਦਾ ਹੈ ਕਿ ਦੂਤੀ ਦੁਸ਼ਮਣਾਂ ਦਾ ਖੁਰਾ ਖੋਜ ਮਿਟਾ ਕੇ ਹੀ ਸਾਹ ਲੈਂਦਾ ਹੈ।

# ੧੪.

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਉਹ ਗੁਰਮੁਖ ਪਿਆਰੇ ਸਨ ਜੋ ਆਤਮਕ ਤੌਰ ਤੇ ਹਰ ਸਮੇਂ ਆਪਣੇ ਪ੍ਰੀਤਮ ਦੇ ਚਰਨਾਂ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਸਨ। ਜਦ ਕਦੀ ਸਰੀਰ ਨਿਢਾਲ ਵੀ ਹੁੰਦਾ ਤਦ ਵੀ ਆਪ ਦੀ ਸੁਰਤੀ ਸਤਿਗੁਰਾਂ ਦੇ ਚਰਨਾਂ ਨਾਲ ਜੁੜੀ ਰਹਿੰਦੀ। ਜਦ ਆਪ ਦਾ ਉਹ ਸਮਾਂ ਨੇੜੇ ਆਇਆ, ਜਦੋਂ ਕਿ ਸਿਰਜਣਹਾਰ ਜੀ ਵਲੋਂ ਆਪ ਨੂੰ ਇਹ ਸੰਸਾਰ ਤਿਆਗਣ ਤੇ ਇਹ ਜਾਮਾ ਛਡ ਜਾਣ ਦਾ ਹੁਕਮ ਅਥਵਾ ਸੱਦਾ ਅਇਆ, ਤਾਂ ਇਸ ਇਲਾਹੀ ਹੁਕਮ ਦਾ ਆਪ ਜੀ ਨੂੰ ਕੁਝ ਸਮਾਂ ਪਹਿਲਾਂ ਹੀ ਪਤਾ ਲਗ ਚੁਕਾ ਸੀ। ਇਸ ਲਈ ਆਪ ਨੇ ੧੩ ਅਪ੍ਰੈਲ ਸੰਨ ੧੯੬੧ ਵੈਸਾਖੀ ਵਾਲੇ ਦਿਨ ਸ਼ਬਦ ਕੀਰਤਨ ਕਰਨ ਮਗਰੋਂ ਆਪਣੇ ਸਪੁਤਰ ਨੂੰ ਕਿਹਾ ਕਿ ਅਜ ਵੀਰਵਾਰ ਹੈ, ਤੁਸੀਂ ਐਤਵਾਰ ਨੂੰ ਘਰੋਂ ਨਾ ਜਾਣਾ। ਉਹਨਾਂ ਨੇ ਬੜੇ ਸਤਿਕਾਰ ਨਾਲ ਕਿਹਾ ਕਿ ਸਤਿ ਬਚਨ ਜੀ ! ਅਸੀਂ ਘਰ ਹੀ ਰਹਾਂਗੇ।

ਵੈਸਾਖੀ ਵਾਲੇ ਦਿਨ ਤੋਂ ਹੀ ਉਹਨਾਂ ਦਾ ਸਰੀਰ ਕੁਝ ਢਿੱਲਾ ਹੋ ਗਿਆ, ਪਰ ਆਪ ਨੇ ਇਹ ਗੱਲ ਕਿਸੇ ਅਗੇ ਪ੍ਰਗਟ ਨਾ ਹੋਣ ਦਿਤੀ। ਐਤਵਾਰ ਦਾ ਦਿਨ ਵੀ ਆ ਗਿਆ ਜਦੋਂ

ਆਪ ਦੀ ਸਰੀਰਕ ਅਵਸਥਾ ਕੁਝ ਵਧੇਰੇ ਨਿਢਾਲ ਹੋ ਚੁਕੀ ਸੀ। ਇਹਨਾਂ ਦੇ ਪ੍ਰਵਾਰ ਨੂੰ ਕੁਝ ਚਿੰਤਾ ਹੋਈ ਤੇ ਡਾ: ਤਰਲੋਚਨ ਸਿੰਘ ਜੀ ਡਾਕਟਰ ਨੂੰ ਬੁਲਾਉਣ ਚਲੇ ਹੀ ਸਨ ਕਿ ਭਾਈ ਸ਼ਾਹਿਬ ਜੀ ਨੇ ਬਾਂਹ ਖੜੀ ਕਰ ਕੇ ਉਹਨਾਂ ਨੂੰ ਰੋਕਿਆ ਕਿ ਨਾ ਜਾਓ। ਡਾਕਟਰ ਸ਼ਾਹਿਬ ਉਹਨਾਂ ਦੇ ਕਹਿਣ ਤੇ ਰੁਕ ਗਏ ਅਤੇ ਉਹਨਾਂ ਦੇ ਪਾਸ ਹੀ ਬੈਠ ਗਏ। ਇਹ ਉਹ ਸਮਾਂ ਸੀ ਜਦ ਸਾਰਾ ਪਰਿਵਾਰ ਆਪ ਦੇ ਪਾਸ ਬੈਠਾ ਸੀ। ਆਪ ਅੱਖਾਂ ਬੰਦ ਕਰਕੇ ਆਪਣੇ ਪ੍ਰੀਤਮ ਦੇ ਚਰਨਾਂ ਨਾਲ ਜੁੜੇ ਹੋਏ ਸਨ ਤੇ ਆਪ ਦੇ ਬੁਲ੍ਹ ਹੌਲੀ ਹੌਲੀ ਗੁਲਾਬ ਦੀਆਂ ਕੋਮਲ ਪੱਤੀਆਂ ਵਾਂਗ 'ਵਾਹਿਗੁਰੂ' ਸ਼ਬਦ ਦੀ ਕੋਮਲ ਧੁਨੀ ਨਾਲ ਫਰਕ ਰਹੇ ਸਨ। ਸਾਰੇ ਪ੍ਰੇਮੀ ਆਪ ਪਾਸ ਬੈਠੇ ਗੁਰਬਾਣੀ ਦਾ ਪਾਠ ਉਚਾਰ ਰਹੇ ਸਨ। ਸਭਨਾਂ ਦੇ ਦੇਖਦਿਆਂ ਆਪ ਨੇ ਇਕ ਲੰਮਾ ਸਾਹ ਲੈਂਦਿਆਂ ਦੋਵੇਂ ਹਥ ਜੋੜ ਕੇ ਫਤਹ ਬੁਲਾਈ ਤੇ ਮੁਸਕਰਾਉਂਦੇ ਹੋਏ ਠੀਕ ਸਾਢੇ ਸੱਤ ਵਜੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ।

ਬਿਰਹੀ ਬਨਿਤਾ ਕਉ ਜੈਸੇ ਭਰਤਾਰ ਮਿਲੈ
ਪ੍ਰੇਮ ਰਸ ਕੈ, ਹਰਤ ਬਿਰਹ ਬਿਯੋਗ ਕਉ।
ਤੈਸੇ ਹੀ ਬਬੇਕੀ ਜਨ ਪਰਉਪਕਾਰ ਹੇਤ
ਮਿਲਤ ਸ਼ਲਿਲ ਗਤਿ ਸਹਿਜ ਸੰਜੋਗ ਕਉ।

ਜਿਵੇਂ ਇਸਤ੍ਰੀ ਪ੍ਰੇਮ ਰਸ ਵਿਚ ਆਪਣੇ ਪਤੀ ਦੇ ਗਲ ਜਾ ਲਗਦੀ ਹੈ, ਇਸੇ ਤਰ੍ਹਾਂ ਨਾਮ ਦੇ ਰਸੀਏ ਪਾਣੀ ਵਾਂਗ ਸਮੁੰਦਰ ਵਿਚ ਜਾ ਮਿਲਦੇ ਹਨ।

— ਸਮਾਪਤ —

ਪ੍ਰਿੰਸੀਪਲ ਨਿਹਾਲ ਸਿੰਘ 'ਰਸ' ਰਚਿਤ-ਇਤਿਹਾਸਕ ਨਾਵਲ

## ਸ: ਹਰੀ ਸਿੰਘ ਨਲੂਆ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਿਧੜਕ ਜਰਨੈਲ ਸੀ, ਜਿਸ ਤੇ ਮਹਾਰਾਜਾ ਰਣਜੀਤ ਸਿੰਘ ਸਦਾ ਮਾਣ ਕਰਦਾ ਸੀ। ਸ: ਹਰੀ ਸਿੰਘ ਦੀਆਂ ਧੁੰਮਾਂ ਸੰਸਾਰ ਵਿਚ ਪਈਆਂ ਹੋਈਆਂ ਸਨ। ਜਿਸ ਨੇ ਜਮਰੌਦ ਕਿਲ੍ਹੇ ਤੇ ਬਾਲਾ ਹਿਸਾਰ ਕਿਲ੍ਹੇ ਤੇ ਸਿਖੀ ਨਿਸ਼ਾਨ ਝੁਲਾਏ। ਬਹਾਦਰੀ ਤੇ ਸੂਰਮਗਤੀ ਦੇ ਜੌਹਰ ਵਿਖਾਏ। ਇਹ ਨਾਵਲ ਪੜ੍ਹਨ ਯੋਗ ਹੈ। ਜੋ ਜੋ ਉਨ੍ਹਾਂ ਨੇ ਕਾਰਨਾਮੇ ਕੀਤੇ, ਉਹ ਸਦਾ ਲਈ ਜਗਤ ਨੂੰ ਯਾਦ ਰਹਿਣਗੇ। ਕੀਮਤ—20/-ਰੁਪੈ

## ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰ

ਮਹਾਰਾਣੀ ਜਿੰਦ ਕੌਰ (ਮਹਾਰਾਜਾ ਰਣਜੀਤ ਸਿੰਘ ਦੀ ਛੋਟੀ ਮਹਾਰਾਣੀ ਸੀ, ਜਿਸ ਦਾ ਸਪੁਤਰ ਮਹਾਰਾਜਾ ਦਲੀਪ ਸਿੰਘ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਮਗਰੋਂ, ਜੋ ਜੋ ਮਹਾਰਾਣੀ ਜਿੰਦ ਕੌਰ ਤੇ ਮਹਾਰਾਜਾ ਦਲੀਪ ਸਿੰਘ ਨਾਲ ਦਰਦਾਂ ਦੀ ਕਹਾਣੀ ਬੀਤੀ, ਉਹ ਸਾਰੀ ਵਾਰਤਾ ਨਾਵਲ ਵਿਚੋਂ ਪੜ੍ਹੋ। ਕੀਮਤ-20/-ਰੁਪੈ

ਮਿਲਣ ਦਾ ਪਤਾ—

**ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ